ਸਿੱਖੀ ਸਿਦਕ ਤੇ ਧਰਮ ਰੱਖਿਆ

ਲੇਖਕ

ਭਾਈ ਸਾਹਿਬ ਭਾਈ ਰਣਧੀਰ ਸਿੰਘ

ੴ

ਏਕੋ ਜਪਿ ਏਕੋ ਸਾਲਾਹਿ

ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ

ਲੁਧਿਆਣਾ

ਭੇਟਾ 1-80

ੴ ਵਾਹਿਗੁਰੂ ਜੀ ਕੀ ਫਤਹ ॥

ਸਿੱਖੀ ਸਿਦਕ
ਤੇ
ਧਰਮ - ਰੱਖਿਆ

ਲਿਖਤ

ਭਾਈ ਸਾਹਿਬ ਰਣਧੀਰ ਸਿੰਘ ਜੀ

ਪ੍ਰਕਾਸ਼ਕ

ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ

੨੩-ਜੀ, ਸਰਾਭਾ ਨਗਰ, ਲੁਧਿਆਣਾ

ਕਾਪੀ ਰਾਈਟ : ਸ: ਬਲਬੀਰ ਸਿੰਘ

ਚੌਥੀ ਵਾਰ ਮਾਰਚ ੧੯੯੦

ਛਾਪਕ :

ਹਮਦਰਦ ਪ੍ਰਿੰਟਿੰਗ ਪ੍ਰੈਸ, ਮਾਈ ਹੀਰਾਂ ਗੇਟ, ਜਲੰਧਰ

ਧਰਮ-ਰੱਖਿਆ
ਸੰਬੰਧੀ
ਅਸਚਰਜ ਪ੍ਰਸੰਗ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣੇ ਨਾਲ ੧੯੦੯ ਈ: ਤੋਂ ੧੯੧੪ ਈ: ਤਕ ਬੜਾ ਸੰਬੰਧ ਰਿਹਾ। ਭੁਯੰਗੀ ਸਭਾ ਦੇ ਸਪਤਾਹਕ ਦੀਵਾਨਾਂ ਵਿਚ ਹਮੇਸ਼ਾ ਆ ਆ ਕੇ ਕੀਰਤਨ ਕਰਦੇ। ਹਰ ਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਗੁਰਪੁਰਬ ਬੜੀ ਧੂਮ ਧਾਮ ਨਾਲ ਅਖੰਡਪਾਠ ਕਰ ਕੇ ਮਨਾਏ ਜਾਂਦੇ ਅਤੇ ਹਰ ਸਾਲ ਅੰਮ੍ਰਿਤ ਪ੍ਰਚਾਰ ਭੀ ਹੁੰਦਾ। ਬਹੁਤ ਸਾਰੇ ਭੁਯੰਗੀ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋ ਜਾਂਦੇ। ਇਸ ਤਰ੍ਹਾਂ ਸਕੂਲ ਵਿਚ ਭਾਈ ਸਾਹਿਬ ਦੇ ਪ੍ਰੇਮੀਆਂ ਦਾ ਇਕ ਤਕੜਾ ਜੱਥਾ ਬਣ ਗਿਆ। ਸ: ਹਰਿਭਗਤ ਸਿੰਘ ਹੈਡਮਾਸਟਰ ਮੁਕਤਸਰ ਨਿਵਾਸੀ, ਭਾਈ ਸਾਹਿਬ ਨਰਾਇਣ ਸਿੰਘ ਜੀ ਧਾਰਮਕ ਟੀਚਰ ਅਤੇ ਸੁਪ੍ਰੰਟੈਂਡੈਂਟ ਬੋਰਡਿੰਗ ਹਾਊਸ ਪਿੰਡ ਤੁਲਾਵਾਲ ਰਿਆਸਤ ਪਟਿਆਲਾ ਗੁਰਸਿਖੀ ਦੇ ਪ੍ਰੇਮੀ ਸੱਜਣ ਸਨ। ਇਹ ਭਾਈ ਸਾਹਿਬ ਦੇ ਪ੍ਰੇਮੀ ਸਨ। ਭਾਈ ਸਾਹਿਬ ਦੇ ਕੀਰਤਨ ਅਤੇ ਅੰਮ੍ਰਿਤ ਪ੍ਰਚਾਰ ਦੇ ਸਦਕੇ ਭਾਈ ਗੁਰਬਖਸ਼ ਸਿੰਘ ਪਿੰਡ ਕਮਾਲਪੁਰਾ, ਗਿਆਨੀ ਹਰਿਭਜਨ ਸਿੰਘ ਪਿੰਡ ਚਮਿੰਡੇ, ਗਿਆਨੀ ਦਲੀਪ ਸਿੰਘ ਪਿੰਡ ਫੁੱਲਾਂਵਾਲ ਤਿੰਨੇ ਪ੍ਰੇਮੀ ਰੰਗ ਵਿਚ ਮਸਤ ਹੋ ਕੇ ਸਕੂਲ ਛੱਡ ਬੈਠੇ। ਭਾਈ ਗੁਰਬਖਸ਼ ਸਿੰਘ ਤਾਂ ਫੇਰ ਸਕੂਲ ਵਿਚ ਆ ਗਏ ਸਨ ਅਤੇ ਦਸਵੀਂ ਪਾਸ ਕਰ ਗਏ ਸਨ। ਪਰ ਗਿਆਨੀ

ਹਰਿਭਜਨ ਸਿੰਘ ਤੇ ਗਿਆਨੀ ਦਲੀਪ ਸਿੰਘ ਤਾਂ ਸਕੂਲ ਛਡ ਹੀ ਗਏ। ਇਹ ਹਮੇਸ਼ਾ ਸਤਿਸੰਗ-ਮੰਡਲਾਂ ਵਿਚ ਹੀ ਰਹਿਣ ਲਗ ਪਏ ਤੇ ਘਰ ਬਾਰ ਦਾ ਭੀ ਖ਼ਿਆਲ ਛਡ ਬੈਠੇ। ਭਾਈ ਸਾਹਿਬ ਨੇ ਇਨ੍ਹਾਂ ਨੂੰ ਸਮਝਾ ਬੁਝਾ ਕੇ ਘਰੀਂ ਭੇਜਿਆ। ਇਸੇ ਤਰ੍ਹਾਂ ਦੀ ਮਸਤੀ ਦੀ ਹਾਲਤ ਵਿਚ ਸ: ਲਾਲ ਸਿੰਘ ਪਿੰਡ ਨੰਦਪੁਰ ਜ਼ਿਲਾ ਲੁਧਿਆਣਾ ਸਕੂਲ ਵਿਚੋਂ ਚਲੇ ਗਏ ਸਨ, ਪਰ ਫੇਰ ਆ ਗਏ ਸਨ। ਸ: ਲਾਲ ਸਿੰਘ ਦਸਵੀਂ ਪਾਸ ਕਰ ਕੇ ਅਮ੍ਰੀਕਾ ਗਏ ਤੇ ਉਥੇ ਖੇਤੀ ਬਾੜੀ ਦੀ ਐਮ. ਐਸ. ਸੀ. ਪਾਸ ਕਰ ਕੇ ਆਏ। ਪਹਿਲਾਂ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪ੍ਰੋਫੈਸਰ ਲਗੇ, ਫੇਰ ਸਰਕਾਰ ਪੰਜਾਬ ਦੇ ਖੇਤੀ ਬਾੜੀ ਦੇ ਮਹਿਕਮੇ ਵਿਚ ਪ੍ਰੋਫੈਸਰ ਬਣ ਕੇ ਓੜਕ ਖੇਤੀ ਬਾੜੀ ਦੇ ਡਾਇਰੈਕਟਰ ਬਣ ਕੇ ਰੀਟਾਇਰ ਹੋਏ। ੧੯੫੨ ਤੋਂ ੧੯੫੭ ਤਕ ਲੋਕ ਸਭਾ ਦੇ ਮੈਂਬਰ ਰਹੇ। ਫਰਵਰੀ ੧੯੬੪ ਵਿਚ ਚਲਾਣਾ ਕਰ ਗਏ। ਆਪ ਦਾ ਫ਼ਾਰਮ ਜਗਾਧਰੀ ਦੇ ਪਾਸ ਪਿੰਡ ਅਮਾਦਲਪੁਰ ਵਿਚ ਹੈ। ਭਾਈ ਸਾਹਿਬ ਨੇ ਇਹ ਹਾਲਾਤ ਟੂਕ ਮਾਤਰ "ਜੋਤਿ ਵਿਗਾਸ" ਪੁਸਤਕ ਦੇ ਬੰਦ ਨੰ: ੫੪੩ ਤੋਂ ੬੦੮ ਤਕ ਵਰਣਨ ਕੀਤੇ ਹਨ। ਇਨ੍ਹਾਂ ਗੱਲਾਂ ਦਾ ਵੇਰਵਾ ਭਾਈ ਸਾਹਿਬ ਨੇ ਪੁਸਤਕ 'ਰੰਗਲੇ ਸੱਜਣ' ਵਿਚ ਭਾਈ ਗੁਰਬਖਸ਼ ਸਿੰਘ ਦੇ ਹਾਲਾਤ ਵਿਚ ਦਿਤਾ ਹੈ।

ਏਸ ਕਵਿਤਾ ਦੇ ੬੬ ਬੰਦਾਂ ਵਿਚ ਗਿਆਨੀ ਦਲੀਪ ਸਿੰਘ ਦੇ ਸਿੱਖੀ ਸਿਦਕ ਤੇ ਧਰਮ-ਰੱਖਿਆ ਕਰਨ ਦੀ ਵਾਰਤਾ ਦੱਸੀ ਹੈ। ਕਹਾਣੀ ਇਸ ਤਰ੍ਹਾਂ ਚਲਦੀ ਹੈ :—

੧੯੧੩ ਈ: ਵਿਚ ਗਿਆਨੀ ਦਲੀਪ ਸਿੰਘ ਅਤੇ ਗਿਆਨੀ ਹਰਿਭਜਨ ਸਿੰਘ ਜੀ ਨੇ ਜਥੇਦਾਰ ਰਾਮ ਸਿੰਘ ਗੁਜਰਵਾਲ ਦੇ ਘਰ ਇਕ ਚੋਕੜੀ ਬੈਠ ਕੇ ਅਖੰਡ ਪਾਠ ਸਰਵਨ ਕੀਤਾ ਅਤੇ ਉਥੇ ਹੀ ਅੰਮ੍ਰਿਤ ਛਕਿਆ। ਅਖੰਡ ਪਾਠ ਸੁਣਨ ਤੇ ਅੰਮ੍ਰਿਤ ਛਕਣ ਦਾ ਸਾਰਾ ਪ੍ਰਸੰਗ ਪੁਸਤਕ 'ਜੋਤਿ ਵਿਗਾਸ' ਵਿਚ ਵੇਰਵੇ ਨਾਲ ਛਪਿਆ ਹੋਇਆ ਹੈ। ਅੰਮ੍ਰਿਤ ਛਕਦੇ ਸਾਰ ਹੀ ਕਾਇਆਂ ਪਲਟ ਗਈ। ਉਸ ਜ਼ਮਾਨੇ ਵਿਚ ਸਿੰਘ ਸਭਾ

ਦਾ ਪ੍ਰਚਾਰ ਸੀ ਅਤੇ ਸਿੰਘ ਸਭੀਆਂ ਦੀ ਮੁਖ਼ਾਲਫ਼ਤ ਭੀ ਬਹੁਤ ਹੁੰਦੀ ਸੀ। ਸਿੰਘ ਸਜਣਾ ਅਤੇ ਗੁਰ ਮਰਯਾਦਾ ਕਰਨੀ ਇਕ ਓਪਰੀ ਅਤੇ ਅਜੀਬ ਗੱਲ ਸਮਝੀ ਜਾਂਦੀ ਸੀ। ਸਿੰਘਾਂ ਨੂੰ ਮਨਮਤਿ ਦੇ ਉਲਟ ਮੋਰਚੇ ਲਾਉਣੇ ਪੈਂਦੇ ਸਨ, ਅਰਥਾਤ, ਕਰੜੀ ਘਾਲਣਾ ਘਾਲਣੀ ਪੈਂਦੀ ਸੀ। ਸਿੰਘ ਸਭੀਆਂ ਨੂੰ ਲੋਕ ਸਿੰਘ ਸਫੀਏ ਕਹਿੰਦੇ ਸਨ ਅਤੇ ਇਹ ਬੋਲੀ ਪਾਇਆ ਕਰਦੇ ਸਨ :–

ਜਦੋਂ ਮੁਕ ਗਏ ਘੜੇ ਦੇ ਦਾਣੇ,
ਬਣ ਗਏ ਸਿੰਘ ਸਫੀਏ ।

ਸੋ ਇਹਨਾਂ ਭੁਜੰਗੀਆਂ ਦੇ ਸਿੰਘ ਸਜਣ ਦਾ ਭੀ ਘਰ ਵਾਲਿਆਂ ਨੂੰ ਅਚੰਭਾ ਹੋ ਗਿਆ ਅਤੇ ਉਹਨਾਂ ਨੇ ਸਮਝਿਆ ਕਿ ਇਹਨਾਂ ਨੇ ਪੁਰਾਣੀ ਖ਼ਾਨਦਾਨੀ ਰੀਤ-ਰਸਮ ਦੇ ਵਿਰੁਧ ਇਹ ਕੁਝ ਕੀਤਾ ਹੈ। ਅਤੇ ਅਸਾਨੂੰ ਬਦਨਾਮ ਕੀਤਾ ਹੈ। ਗਿਆਨੀ ਹਰਿਭਜਨ ਸਿੰਘ ਹੁਰਾਂ ਦੇ ਸੰਬੰਧੀ ਤਾਂ ਛੇਤੀ ਹੀ ਅਸਲੀ ਗੱਲ ਸਮਝ ਗਏ ਅਤੇ ਉਹਨਾਂ ਦੀ ਤਸੱਲੀ ਹੋ ਗਈ। ਪਰ ਗਿਆਨੀ ਦਲੀਪ ਸਿੰਘ ਦੇ ਮਾਤਾ ਪਿਤਾ ਨਹੀਂ ਸਨ ਅਤੇ ਉਨ੍ਹਾਂ ਦੀ ਇਕੱਲੀ ਦਾਦੀ ਹੀ ਸੀ, ਅਰ ਉਹ ਵਿਆਹੇ ਹੋਏ ਸਨ। ਉਹਨਾਂ ਦੇ ਰਿਸ਼ਤੇਦਾਰਾਂ ਨੂੰ ਬਹੁਤ ਗੁੱਸਾ ਲਗਿਆ ਅਤੇ ਉਹ ਫੂਲਾਂਵਾਲ ਆਏ। ਉਨ੍ਹਾਂ ਨੇ ਇਹ ਸਲਾਹ ਕੀਤੀ ਕਿ ਦਲੀਪ ਸਿੰਘ ਹੋਰਾਂ ਦਾ ਸਿਖ ਧਰਮ ਨਸ਼ਟ ਕੀਤਾ ਜਾਏ ਅਤੇ ਕੇਸ ਕਤਲ ਕੀਤੇ ਜਾਣ। ਸੋ ਉਨ੍ਹਾਂ ਨੇ ਦਲੀਪ ਸਿੰਘ ਨੂੰ ਇਕ ਕਮਰੇ ਵਿਚ ਬੰਦ ਕਰ ਕੇ ਪਹਿਰੇ ਲਾ ਦਿਤੇ ਅਤੇ ਨਾਈ ਨੂੰ ਸੱਦ ਲਿਆ। ਭਾਈ ਸਾਹਿਬ ਨੇ ਇਹ ਨਜ਼ਾਰਾ ਅੰਤਰ ਧਿਆਨ ਹੋ ਕੇ ਦਸ ਕੋਹ ਦੀ ਵਿਥ ਤੇ ਪਿੰਡ ਨਾਰੰਗਵਾਲ ਬੈਠਿਆਂ ਨੇ ਦੇਖਿਆ ਅਤੇ ਨਾਲ ਹੀ ਸੋਚਿਆ ਕਿ ਹੁਣ ਸਰੀਰ ਨਾਲ ਤਾਂ ਪਹੁੰਚ ਕੇ ਮਦਦ ਨਹੀਂ ਹੋ ਸਕਦੀ ਅਤੇ ਦੇਰ ਭੀ ਨਹੀਂ ਹੋਣੀ ਚਾਹੀਦੀ, ਇਸ ਲਈ ਉਨ੍ਹਾਂ ਨੇ ਆਪਣੀ ਰੂਹਾਨੀ ਤਾਕਤ ਵਰਤੀ ਅਤੇ ਸੂਖਮ ਸਰੀਰ ਨਾਲ ਭਾਈ ਦਲੀਪ ਸਿੰਘ ਪਾਸ ਪਹੁੰਚ ਕੇ ਉਦਾਲੇ ਕਾਰ ਕੱਢ ਕੇ ਇਸ ਮੰਤਰ ਰੂਪ ਸ਼ਬਦ ਦਾ ਪਾਠ ਕੀਤਾ :–

ਸੋਰਠਿ ਮਹਲਾ ੫ ॥

ਗੁਰ ਕਾ ਸਬਦੁ ਰਖਵਾਰੇ ॥ ਚਉਕੀ ਚਉਗਿਰਦ ਹਮਾਰੇ ॥
ਰਾਮ ਨਾਮਿ ਮਨੁ ਲਾਗਾ ॥ ਜਮੁ ਲਜਾਇ ਕਰਿ ਭਾਗਾ ॥੧॥
ਪ੍ਰਭ ਜੀ ਤੂ ਮੇਰੋ ਸੁਖਦਾਤਾ ॥ ਬੰਧਨ ਕਾਟਿ ਕਰੇ ਮਨੁ ਨਿਰਮਲੁ
ਪੂਰਨ ਪੁਰਖੁ ਬਿਧਾਤਾ ॥੧॥ਰਹਾਉ॥ ਨਾਨਕ ਪ੍ਰਭ
ਅਬਿਨਾਸੀ ॥ ਤਾ ਕੀ ਸੇਵ ਨ ਬਿਰਥੀ ਜਾਸੀ ॥ ਅਨਦ ਕਰਹਿ
ਤੇਰੇ ਦਾਸਾ ॥ ਜਪਿ ਪੂਰਨ ਹੋਈ ਆਸਾ ॥੨॥੪॥੬੮॥

ਸ਼ਬਦ ਦੀ ਕਲਾ ਵਰਤੀ । ਨਾਈ ਅਤੇ ਹੋਰ ਸਾਰੇ ਭੈ-ਭੀਤ ਹੋ ਗਏ ਅਤੇ ਕੋਈ ਨੁਕਸਾਨ ਨਾ ਪਹੁੰਚਾ ਸਕੇ । ਭਾਈ ਸਾਹਿਬ ਨੇ ਇਹ ਹਾਲ ਬੰਦ ਨੰ: ੫੬੦ ਤੋਂ ੫੬੫ ਤਕ ਲਿਖਿਆ ਹੈ ।

ਫੇਰ ਭਾਈ ਸਾਹਿਬ ਕਹਿੰਦੇ ਹਨ ਕਿ ਅਸਾਡੀ ਸੁਰਤ ਸੂਖਮ ਮੰਡਲਾਂ ਤੋਂ ਉਤਰੀ ਅਤੇ ਅਸੀਂ ਇਕ ਹੋਰ ਸਿੰਘ ਭਾਈ ਅਤਰ ਸਿੰਘ ਸਮੇਤ ਅਧੀ ਰਾਤ ਫੂਲਾਂਵਾਲ ਜਾ ਪਹੁੰਚੇ । ਉਥੇ ਇਕ ਡੰਗਰਾਂ ਦੇ ਵਾੜੇ ਵਿਚ ਇਕ ਆਦਮੀ ਸੁੱਤਾ ਪਿਆ ਸੀ । ਉਹ ਬਿੜਕ ਸੁਣ ਕੇ ਉਠ ਖਲੋਤਾ ਅਤੇ ਅਸਾਨੂੰ ਬੜੇ ਪ੍ਰੇਮ ਨਾਲ ਮਿਲਿਆ । ਉਸ ਨੇ ਅਸਾਨੂੰ ਕਿਹਾ, ਕੋਈ ਸੇਵਾ ਦਸੋ । ਅਸੀਂ ਉਸ ਨੂੰ ਆਖਿਆ ਕਿ ਅਸਾਨੂੰ ਦਲੀਪ ਸਿੰਘ ਦੀ ਹਾਲਤ ਦਸੋ ਅਤੇ ਅਸਾਨੂੰ ਮਿਲਾਓ । ਇਤਨੇ ਨੂੰ ਚੋਕੀਦਾਰ ਭੀ ਆ ਗਿਆ । ਉਸ ਨੇ ਕਿਹਾ ਕਿ ਮੈਂ ਤਖ਼ਤਿਆਂ ਦੀਆਂ ਵਿਰਲਾਂ (ਡ਼ੀਤਾਂ) ਵਿਚੀਂ ਜੋ ਕੁਝ ਦੇਖਿਆ ਹੈ, ਉਹ ਮੈਂ ਤੁਹਾਨੂੰ ਦਸਦਾ ਹਾਂ । ਜਦੋਂ ਨਾਈ ਤਿਆਰ ਹੋ ਕੇ ਬੈਠ ਗਿਆ ਤਾਂ ਦੂਜਿਆਂ ਨੇ ਭਾਈ ਦਲੀਪ ਸਿੰਘ ਦੇ ਸਿਰ ਤੋਂ ਪੱਗ ਲਾਹੁਣੀ ਚਾਹੀ ਤਾਂ ਉਨ੍ਹਾਂ ਨੂੰ ਕੋਈ ਭੇਜਲ ਦਿਖਾਈ ਦਿਤਾ । ਸਭ ਘਬਰਾ ਕੇ ਠਠੰਬਰ ਗਏ ਅਤੇ ਦਲੀਪ ਸਿੰਘ ਦਾ ਵਾਲ ਨਾ ਵਿੰਗਾ ਕਰ ਸਕੇ । ਏਦੂੰ ਵਧ ਹੋਰ ਮੈਨੂੰ ਖ਼ਬਰ ਨਹੀਂ । ਭਾਈ ਦਲੀਪ ਸਿੰਘ ਦੇ ਗੁਆਂਢ ਇਕ ਸਿੰਘ ਰਹਿੰਦਾ ਸੀ, ਜੋ ਹਮਦਰਦ ਸੀ । ਅਸੀਂ ਉਸ ਨੂੰ ਸੱਦਿਆ

ਅਤੇ ਕਿਹਾ ਕਿ ਅਸੀਂ ਭਾਈ ਦਲੀਪ ਸਿੰਘ ਨੂੰ ਮਿਲਣਾ ਹੈ। ਉਸ ਨੇ ਅਸਾਨੂੰ ਕਿਹਾ ਕਿ ਤੁਸੀਂ ਘਰ ਜਾਣ ਦੀ ਖੇਚਲ ਨਾ ਕਰੋ, ਮੈਂ ਉਸ ਨੂੰ ਨਾਲ ਲੈ ਕੇ ਆਵਾਂਗਾ। ਤੁਸੀਂ ਜੰਗਲ ਵਿਚ ਇਕ ਖੂਹੀ ਹੈ; ਉਥੇ ਚਲ ਕੇ ਬੈਠੋ ਅਤੇ ਇਸ਼ਨਾਨ ਪਾਠ ਕਰੋ। ਅਸੀਂ ਦੋਵੇਂ ਜਣੇ ਉਸ ਖੂਹੀ ਉਤੇ ਜਾ ਬੈਠੇ। ਇਹ ਖੂਹੀ ਫੂਲਾਂਵਾਲ ਤੋਂ ਲਗ ਪਗ ਡੇਢ ਮੀਲ ਪਿੰਡ ਦੁੱਗਰੀ ਅਤੇ ਧਾਂਦਰੇ ਦੇ ਵਿਚਕਾਰ ਰਾਹ ਪਰ ਹੈ। ਪਰ ਉਹ ਸਜਣ ਭਾਈ ਦਲੀਪ ਸਿੰਘ ਨੂੰ ਨਾਲ ਲੈ ਕੇ ਨਾ ਆਇਆ।

ਇਸ ਤੋਂ ਬਾਅਦ ਜਬੱਦੀ ਅਤੇ ਧਾਂਦਰੇ ਸਿੰਘਾਂ ਦਾ ਇਕੱਠ ਹੋਇਆ ਅਤੇ ਭਾਈ ਦਲੀਪ ਸਿੰਘ ਦੇ ਸੰਬੰਧੀਆਂ ਨਾਲ ਗੱਲ ਬਾਤ ਹੋਈ ਅਤੇ ਕੁਝ ਝਗੜਾ ਭੀ ਹੋਇਆ। ਹਾਲਾਤ ਬਹੁਤ ਲੰਬੇ ਹਨ। ਅਸੀਂ ਹੁਣ ਇਨ੍ਹਾਂ ਨੂੰ ਵੇਰਵੇ ਨਾਲ ਲਿਖਣਾ ਮੁਨਾਸਬ ਨਹੀਂ ਸਮਝਦੇ। ਭਾਵੇਂ ਇਹ ਸਾਰੇ ਵਾਕਿਆਤ ਸਾਡੇ ਅਖੀਂ ਡਿਠੇ ਹਨ, ਕਿਉਂਕਿ ਰਾਤ ਵਾਲੀ ਘਟਨਾ ਤੋਂ ਦੂਜੇ ਦਿਨ ਦਾਸ ਭੀ ਜਬੱਦੀ ਭਾਈ ਸਾਹਿਬ ਨੂੰ ਜਾ ਮਿਲਿਆ ਸੀ, ਅਗਲੀ ਸਭ ਕਾਰਵਾਈ ਆਪਸ ਵਿਚ ਤੇ ਹੋਰ ਇਕ ਦੋ ਸਜਣਾਂ ਨਾਲ ਸਲਾਹ ਕਰ ਕੇ ਕੀਤੀ ਗਈ ਸੀ। ਇਹ ਸਮਾਚਾਰ ਜੂਨ ੧੯੧੩ ਈ: ਦੇ ਹਨ। ਓੜਕ ਝਗੜਾ ਨਿਬੜ ਗਿਆ ਅਤੇ ਭਾਈ ਦਲੀਪ ਸਿੰਘ ਜੀ ਭਾਈ ਸਾਹਿਬ ਪਾਸ ਪਹੁੰਚ ਗਏ। ਉਹ ਖਾਸਾ ਚਿਰ ਨਾਰੰਗਵਾਲ ਹੀ ਰਹਿੰਦੇ ਰਹੇ। ਜਦੋਂ ਭਾਈ ਸਾਹਿਬ ਪਰ ੧੯੧੫ ਈ: ਵਿਚ ਸਾਜ਼ਸ਼ ਦਾ ਮੁਕੱਦਮਾ ਚਲਿਆ ਤਾਂ ਗਿਆਨੀ ਹਰਿਭਜਨ ਸਿੰਘ ਅਤੇ ਗਿਆਨੀ ਦਲੀਪ ਸਿੰਘ ਦੋਵੇਂ ਹੀ ਫੜੇ ਗਏ ਅਤੇ ਭਾਈ ਸਾਹਿਬ ਦੇ ਨਾਲ ਹੀ ਕੈਦ ਹੋਏ। ਜੇਲ੍ਹ-ਯਾਤਰਾ ਦੇ ਪਿਛੋਂ ਦੋਹਾਂ ਨੇ ਗਿਆਨੀ ਦਾ ਇਮਤਿਹਾਨ ਪਾਸ ਕੀਤਾ। ਗਿਆਨੀ ਹਰਿਭਜਨ ਸਿੰਘ ਤਾਂ ਉਸ ਵਕਤ ਤੋਂ ਹੀ ਪ੍ਰੈਸ ਦਾ ਕੰਮ ਕਰ ਰਹੇ ਹਨ ਅਤੇ ਗਿਆਨੀ ਦਲੀਪ ਸਿੰਘ ਜੀ ਨੇ ਸਕੂਲ ਵਿਚ ਬਤੌਰ ਪੰਜਾਬੀ ਟੀਚਰ ਕੰਮ ਕੀਤਾ ਅਤੇ ਅੱਜ ਕਲ੍ਹ ਫੂਲਾਂਵਾਲ ਹੀ ਰਹਿ ਰਹੇ ਹਨ।

ਕਵਿਤਾ ਦਾ ਇਹ ਹਿੱਸਾ ਭਾਈ ਸਾਹਿਬ ਦੇ ਕਹਿਣ ਤੇ ਹੀ ਪੁਸਤਕ 'ਜੋਤਿ ਵਿਗਾਸ' ਵਿਚ ਛਪਣ ਤੋਂ ਰਖ ਲਿਆ ਗਿਆ ਸੀ, ਜੋ ਹੁਣ ਟਰੈਕਟ ਦੇ ਰੂਪ ਵਿਚ ਛਾਪਿਆ ਗਿਆ ਹੈ।

ਇਸ ਕਵਿਤਾ ਵਿਚ ਸਿੱਖੀ ਸਿਦਕ ਅਤੇ ਧਰਮ-ਰੱਖਿਆ ਦੀ ਅਸਚਰਜ ਵਾਰਤਾ ਹੈ, ਜੋ ਭਾਈ ਸਾਹਿਬ ਦੇ ਆਤਮ-ਬਲ ਤੇ ਸਿਖੀ ਪ੍ਰੇਮ ਨੂੰ ਪ੍ਰਗਟ ਕਰਦੀ ਹੈ। ਸਾਰੀ ਕਵਿਤਾ ਭਗਤੀ ਭਾਵ ਦੀ ਪ੍ਰੇਮ ਰੰਗਣ ਵਿਚ ਰੰਗੀ ਹੋਈ ਹੈ। ਭਾਈ ਸਾਹਿਬ ਜੀ ਨੇ ਇਹ ਕਵਿਤਾ ਜਨਵਰੀ ੧੯੩੦ ਈ: ਵਿਚ ਨਾਗਪੁਰ ਜੇਲ੍ਹ ਵਿਚ ਰਚੀ ਸੀ। ਇਸ ਕਵਿਤਾ ਦੀਆਂ ੨੬੪ ਸਤਰਾਂ ਹਨ। ਏਨ੍ਹਾਂ ਦੇ ਪੜ੍ਹਨੇ ਤੋਂ ਪਤਾ ਲਗਦਾ ਹੈ ਕਿ ਪ੍ਰਮਾਰਥੀ ਪੁਰਸ਼ਾਂ ਨੂੰ ਧਰਮ ਕਿਤਨਾ ਜਾਨ ਤੋਂ ਭੀ ਪਿਆਰਾ ਹੁੰਦਾ ਹੈ।

੧੫ ਅਪ੍ਰੈਲ ੧੯੬੪ — ਨਾਹਰ ਸਿੰਘ ਗਜਾਨੀ

੩ ਵੈਸਾਖ ੨੦੨੧ ਬਿ: — ਗੁਜਰਵਾਲ ਜ਼ਿਲਾ ਲੁਧਿਆਣਾ

ਸਿੱਖੀ ਸਿਦਕ ਤੇ ਧਰਮ-ਰੱਖਿਆ

ਜੁਦਾ ਹੋਣ ਨ ਮਜਲਸੀ ਮਜਲਸਾਂ ਤੋਂ,
ਚਲੇ ਦੌਰ ਜਦ ਜਾਮ ਉਲਝੋਲਿਆਂ ਦਾ ।
ਜੀਉ ਕਰੇ ਨਾ ਸੰਗਤਾਂ ਛਡਣੇ ਨੂੰ,
ਭੁਲਾ ਖ਼ਿਆਲ ਘਰ ਬਾਰ ਚਟਸੋਲਿਆਂ ਦਾ ।
ਚਾਟਸਾਲ ਦੇ ਪਾਧੜੇ ਪਏ ਝੂਰਨ,
ਜੋੜਾ ਬਿਗੜ ਬੈਠਾ ਚਾਟੜੋਲਿਆਂ ਦਾ ।
ਅਗੋ ਬਿਗੜ ਚੁਕੇ ਕਈ ਚਟਕ ਜੋੜੇ,
ਫ਼ਿਕਰ ਪਿਆ ਨਵ ਬਿਗੜ ਚਟਕੋਲਿਆਂ ਦਾ ।੫੪੩।

ਜਿੱਥੇ ਪ੍ਰੇਮ ਪੀਆ ਵਾਲੀ ਚਟਕ ਲੱਗੀ,
ਬੂਹਾ ਚੋੜ ਹੋਇਆ ਚਾਟਸੋਲਿਆਂ ਦਾ ।
ਧੰਧ ਬੰਧ ਚੁਕੇ ਦੁਨੀ ਧੰਦਿਆਂ ਦੇ,
ਦਿਲ ਉਚਾਟ ਪਿਰਮ ਚਾਖੜੋਲਿਆਂ ਦਾ ।
ਦੁਨੀ ਧੰਧ ਵਿਦਿਆ ਚਾਟਸਾਲਿਆਂ ਦੀ,
ਪੀਹਣ ਗਿੱਲੜਾ ਧੰਦ ਪਿਟੋਲਿਆਂ ਦਾ ।
ਮਸਾਂ ਧੱਕ ਧਕੂੰਨ ਕੇ ਪਾਂਧਿਆਂ ਨੇ,
ਪਾਇਆ ਫੰਦ ਉਕਤ ਯੁਕਤੜੋਲਿਆਂ ਦਾ ।੫੪੪।

ਆਂਦਾ ਫੰਦ ਫੰਸਾਇ ਪੰਖੇਰੂਆਂ ਨੂੰ,
ਫੁਰਿਆ ਦਾਉ ਕੁਦਾਉ ਚਤਰੋਲਿਆਂ ਦਾ ।
ਪੰਛੀ ਫੇਰ ਉਡਾਰੀਆਂ ਮਾਰਿ ਆਵਣਿ,
ਐਸਾ ਪ੍ਰੇਮ ਪ੍ਰਬਲ ਪ੍ਰਿੰਮੜੋਲਿਆਂ ਦਾ ।
ਜਿਨ੍ਹਾਂ ਪਿਰਹੜੀ ਮਾਨ ਸਰੋਵਰਾਂ ਦੀ,
ਤਿਨ੍ਹਾਂ ਥਲ ਫਿੱਕਾ ਛਪੜੋਲਿਆਂ ਦਾ ।
ਜਿਨ੍ਹਾਂ ਦਿੱਬ ਦੀਦੇ ਉੱਚ ਦ੍ਰਿਸ਼ਟੀਆਂ ਦੇ,
ਤਿਨ੍ਹਾਂ ਤ੍ਰਿਸ਼ਨਾਲ ਕੀ ਮ੍ਰਿਗ ਤ੍ਰਿਸ਼ਨੋਲਿਆ ਦਾ ।੫੪੫।

ਗੁਰਮਤਿ ਮਾਰਗੀ ਹੰਸ ਬਿਹੰਗਮਾਂ ਨੂੰ,
ਧੋਖਾ ਧਸਣ ਨਾ ਦਲਦਲ ਧਸੋਲਿਆਂ ਦਾ।
ਘਰਿ ਕੁਟੰਬੀਆਂ ਨੂੰ ਫ਼ਿਕਰ ਸੁਆਰਥਾਂ ਦੇ,
ਮੋਹ ਜਾਲ ਮਾਇਆ ਮਮਤੋਲਿਆਂ ਦਾ।
ਆਪੋ ਆਪਣੀ ਪੈ ਗਈ ਮਾਪਿਆਂ ਨੂੰ,
ਤਿਨ ਅਵੱਲੜਾ ਭੂਤ ਭਰਮੋਲਿਆਂ ਦਾ।
ਸਾਡੇ ਬਾਲ ਘਰ ਬਾਰ ਤੋਂ ਗਏ ਪੱਟੇ,
ਰੱਬ ਬਿਗੜਿਆ ਤਿਗੜ-ਤਿਗੜੋਲਿਆਂ ਦਾ।੫੪੬।

ਕਾਬੂ ਕਿਵੇਂ ਕਰੀਏ ਉੱਠ-ਜਾਣਿਆਂ ਨੂੰ,
ਵੱਡਾ ਦਾਹ ਜਾਦੂ ਬਕਰੋਲਿਆਂ ਦਾ।
ਏਧਰ ਘੜਨਿ ਮਨਸੂਬੜੇ ਧਰਮ-ਵੈਰੀ,
ਓਧਰ ਪ੍ਰੇਮ ਦੂਣਾ ਪ੍ਰੇਮੜੋਲਿਆਂ ਦਾ।
ਮ੍ਰਿਗ ਟੱਪ ਉੱਠੇ ਕਦੋਂ ਵੜਨਿ ਵੇਹੜੇ,
ਮਿਰਗਾਂ ਝੱਲ, ਘੰਡੇ ਹੇਰੜੋਲਿਆਂ ਦਾ।
ਹੋਈ ਪ੍ਰੇਰਨਾ ਪ੍ਰੇਰਕੀ ਜਨਾਂ ਵਲੋਂ,
ਹੋਇਆ ਪਰਤਣਾ ਘਰਿ ਸੁਘਰੜੋਲਿਆਂ ਦਾ।੫੪੭।

ਆਪੋ ਆਪਣੇ ਘਰਿ ਫੇਰਾ ਪੌਣ ਆਏ,
ਹੁਕਮ ਮੰਨਿ ਹੁਕਮੀ ਬੰਦੜੋਲਿਆਂ ਦਾ।
ਕਾਰ ਗਾਖੜੀ ਗੁਰੂ ਦੇ ਭਾਣਿਆਂ ਦੀ,
ਭਾਣਾ ਬਿਖਮ ਗੁਰ ਹੁਕਮ ਕਰਾਰੋਲਿਆਂ ਦਾ।
ਅਗੋਂ 'ਕੱਠ ਹੋਏ ਲੱਠ ਵਾਲਿਆਂ ਦੇ,
ਦੇਖੋ ਹਿੱਕ-ਧੱਕਾ ਹੈਂਕੜੋਲਿਆਂ ਦਾ।
ਜ਼ੁਲਮ ਵਰਤਣੇ ਜ਼ੋਰ ਧਿੰਗਾਣਿਆਂ ਦੇ,
ਘੋਰ ਗ਼ਜ਼ਬ ਕਹਿਰ ਕਹਿਰੋਲਿਆਂ ਦਾ।੫੪੮।

ਹੋਏ ਖ਼ੇਸ਼ ਕਬੀਲੜੇ ਸਾਕ ਕੱਠੇ,
ਲਾਣਾ ਕੁਲ ਜਾਹਲ ਮੁਤਲਕੋਲਿਆਂ ਦਾ।
ਆਖਣ ਸਿੱਖੀ ਨੂੰ ਤੁਰਤ ਜਵਾਬ ਦੇਵੇ,
ਬਾਣਾ ਲਾਹ ਦੇਵੋ ਨਿਹੰਗੋਲਿਆਂ ਦਾ।
ਬਣਿ ਨਿਹੰਗ ਮਲੰਗੜੇ ਘਰੀਂ ਆਏ,
ਕੀਤਾ ਨਾਮ ਬਦਨਾਮ ਵਡੋਲਿਆਂ ਦਾ।
ਕਾਰ ਛਡ ਕੇ ਵਡੇ ਵਡੇਰੂਆਂ ਦੀ,
ਫੜਿਆ ਚਜ ਕੁਚੱਜ ਹੋਛੋਲਿਆਂ ਦਾ।੫੪੯।

ਨਾਉਂ ਡੋਬ ਦਿਤੇ ਖ਼ਾਨਦਾਨੀਆਂ ਦੇ,
ਰੋੜ੍ਹ ਮਾਨ ਦਿਤਾ ਮਹੱਤੋਲਿਆਂ ਦਾ।
ਨੀਲੇ ਬੰਨ੍ਹ ਸਾਫ਼ੇ ਸਾਡੀ ਹਿੱਕ ਸਾੜੀ,
ਵੇਸ ਧਾਰਿਆ ਵਿਗੜ-ਪੰਥੋਲਿਆਂ ਦਾ।
ਬਿਗੜ-ਪੰਥੀਆਂ ਦੇ ਹਥੋਂ ਪਾਹੁਲ ਪੀਤੀ,
ਜਿਨ੍ਹਾਂ ਪੰਥ ਨ ਜਾਤ-ਵਰਨੋਲਿਆਂ ਦਾ।
ਸਾਡੀਆਂ ਉਚੀਆਂ ਕੁਲਾਂ ਨੂੰ ਲੀਕ ਲਾਈ,
ਅੰਮ੍ਰਿਤ ਛਕ ਕੇ ਸਿੰਘ ਸਫੀਓਲਿਆਂ ਦਾ।੫੫੦।

ਛਡੀ ਰੀਤ ਕੁਲ-ਰੀਤ ਵਡੇਰਿਆਂ ਦੀ,
ਨੱਕ ਵਢਿਆ ਵਡ-ਨਕੋਲਿਆਂ ਦਾ।
ਲੈ ਕੇ ਲੋਹੇ ਦੇ ਗੜਵਿਆਂ ਬਾਟਿਆਂ ਨੂੰ,
ਫੜਿਆ ਕੰਮ ਮਲੰਗ-ਸੁਥਰੋਲਿਆਂ ਦਾ।
ਲਾਇ ਚਕਰ ਕ੍ਰਿਪਾਨ ਤੇ ਪਾਇ ਕੱਛਾ,
ਵੇਸ ਉਤਾਰ ਧਰਿਆ ਵਡ-ਘਰੋਲਿਆਂ ਦਾ।
ਸਰਬ ਲੋਹ ਦੇ ਭਾਂਡੜੇ ਭੰਨ ਦੇਣੇ,
ਵਡ ਤ੍ਰਿਸਕਾਰ ਕਰਨਾ ਸ਼ਸਤਰੋਲਿਆਂ ਦਾ।੫੫੧।

ਲਾਹ ਸੁਟਣੇ ਕੜੇ ਕ੍ਰਿਪਾਨ ਕੰਘੇ,
ਹੂੰਝਾ ਫੇਰ ਦੇਣਾ ਬਸਤਰੋਲਿਆਂ ਦਾ।
ਅਸੀਂ ਖੁੰਬ ਤੁਸਾਡੀ ਭੀ ਠੱਪ ਦੇਣੀ,
ਜੂੜਾ ਨੱਪ ਕੇ ਕੇਸ ਲੰਬੋਲਿਆਂ ਦਾ।
ਲਾਂਬੂ ਲਾਇ ਕੇ ਸਿੱਖੀ ਦੀ ਰਹਿਤ ਤਾਈਂ,
ਕਜੀਆ ਵਢਣਾ ਰਹਿਤ ਬਹਿਤੋਲਿਆਂ ਦਾ।
ਇਸ ਪ੍ਰਕਾਰ ਬੇ-ਓੜਕਾ ਰੂਦ ਬਕਿਆ,
ਭਾਂਬੜ ਮਚਿਆ ਕਰੋਧ-ਅਗਨੋਲਿਆਂ ਦਾ।੫੫੨।

ਅਗੋਂ ਚੁੱਪ ਵਟੀ ਸ਼ਾਂਤ-ਪੁਤਲਿਆਂ ਨੇ,
ਪ੍ਰੇਮ ਮਸਤ ਰਿਦ ਸ਼ਾਂਤ ਮਸ਼ਟੋਲਿਆਂ ਦਾ।
ਹਿਰਦੇ ਪ੍ਰੇਮ-ਗੁਧੇ ਸੁਰਤ ਨਾਮ-ਰੁੱਧੀ,
ਨਹੀਂ ਬੈਣ ਪੋਹੇ ਕੁਬੈਣੋਲਿਆਂ ਦਾ।
ਪ੍ਰੀਤਮ-ਚਰਨ ਖੁੱਭੇ ਵਿਚਿ ਸੀਨਿਆਂ ਦੇ,
ਖੁਭੇ ਖੋਭ ਕੀ ਕਰੋਧ ਕੰਡੋਲਿਆਂ ਦਾ ?
ਰੰਗ ਪ੍ਰੇਮ ਮਤੰਗੜੇ ਨਾਮ ਤਰੰਗੀ,
ਫਾਦਲ ਬਾਦ ਭੌਂਕਣ ਭੋਂਕਣੋਲਿਆਂ ਦਾ।੫੫੩।

ਡੋਰੀ ਲੱਗੜੀ ਜਿਨ੍ਹਾਂ ਦੀ ਚਰਨ ਕੰਵਲੀਂ,
ਤਿਨ ਸਹਿਮਾਉ ਕੀ ਵਾਉ ਵਰੋਲਿਆਂ ਦਾ ?
ਕੰਨੀਂ ਬੁਜੜੇ ਦਸਮ ਦੁਆਰੀਆਂ ਦੇ,
ਬੋਲਣ ਬਾਦ ਬਿਬਾਦ ਬਕੋਲਿਆਂ ਦਾ।
ਗੌਲੀ ਇਕ ਨਾ ਗੱਲ ਬਕਵਾਸੀਆਂ ਦੀ,
ਜਾਦੂ-ਜੀਤ ਜਿਣ ਮਨ ਚੁਪਕੋਲਿਆਂ ਦਾ।
ਸੋ ਬਿਬਾਦੀਆਂ ਨੂੰ ਜਿਤੇ ਚੁੱਪ ਇਕੋ,
ਹਾਰਨ ਜਿਤਣਾ ਪ੍ਰੇਮ-ਖਿਵਣੋਲਿਆਂ ਦਾ।੫੫੪।

ਗੁਰਮੁਖਿ ਹਾਰਿ ਚਲੇ ਜਿਣਿਆ ਜੱਗ ਸਾਰਾ,
ਨਿਆਰਾ ਪ੍ਰੇਮ-ਚਾਲਾ ਮਨ-ਜਿਣੋਲਿਆਂ ਦਾ ।
ਮਨੂਆ ਤ੍ਰਿਪਤ ਅਘਾਨਿਆ ਸ਼ਾਂਤ ਹੋਇਆ,
ਪੀ ਕੇ ਪਿਆਲੜਾ ਚੁਪ-ਚੁਬੋਲਿਆਂ ਦਾ ।
ਬੋਲਣ ਵੇਹਲ ਨਾਹੀਂ ਗੁੜ ਗੁੰਗੁਸ਼ਟੀਆਂ ਨੂੰ
ਛੱਡੇ ਕੌਣ ਰਸ ਅਮੀਂ-ਮਿਸ਼ਟੋਲਿਆਂ ਦਾ ।
ਅੰਮ੍ਰਿਤ ਸ਼ੀਰ ਚੂਚੀ ਚੁੰਘਣ ਸ਼ੀਰ-ਖੋਰੇ,
ਭਰਿਆ ਦਹਿਨ ਰਸ-ਅਮੀਂ-ਚੂਸੋਲਿਆਂ ਦਾ ।੫੫੫।

ਮੱਮਾ ਮੁਖ ਲੱਗਾ ਸ਼ੀਰ-ਖੋਰਿਆਂ ਦੇ,
ਅਚਰਜ ਸਾਦ ਰਸ-ਧਾਰ ਅਮੀਓਲਿਆਂ ਦਾ ।
ਮੁਖੋਂ ਲਹੇ ਨਾ ਜੀਭ ਤੋਂ ਛਡ ਹੋਵੇ,
ਮੱਮਾ ਨਾਮ ਮਹਾਂ ਰਸ ਦੁਧੋਲਿਆਂ ਦਾ ।
ਨਵੀਂ ਨਸਲ ਜੰਮੀ ਦੂਧਾ-ਧਾਰੀਆਂ ਦੀ,
ਨਾਮ-ਅਹਾਰ ਨਵਸ਼ੀਰ-ਖੋਰੋਲਿਆਂ ਦਾ ।
ਨਿਮਖ ਵਿਸਰੇ ਨਾਮ ਤਾਂ ਮਰਨ ਹੋਵੇ,
ਨਾਮ-ਅਧਾਰ ਸੱਚਾ ਜੀਓਨੋਲਿਆਂ ਦਾ ।੫੫੬।

ਜੀਵਨ ਜੁਗਤਿ ਸੱਚੀ ਨਾਮ ਧਾਰਨਾ ਦੀ,
ਸੱਚਾ ਪ੍ਰੇਮ ਰਸ ਅਮਿਉ ਪੀਓਲਿਆਂ ਦਾ ।
ਮਨ ਰਸ-ਪ੍ਰੇਮ ਲੀਣੇ ਅਮਿਉ ਪੀਣਿਆਂ ਦੇ,
ਪੱਹੇ ਬੋਲ ਨਾ ਬੋਲ ਕੁਬੋਲਿਆਂ ਦਾ ।
ਝੜਿ ਝੜਿ ਪੈਣਿ ਝਖ ਝਾਗੜੂ ਹਾਰਿ ਆਪੇ,
ਬੀਕਾ ਬਾਰ ਨ ਗੁਰ ਬਾਰਕੋਲਿਆਂ ਦਾ ।
ਆਪਣੇ ਬਾਲਕਾਂ ਨੂੰ ਸਤਿਗੁਰ ਆਪ ਰਖੇ,
ਲਗੇ ਸੇਕ ਨ ਤੱਤਿਆਂ ਝੋਲਿਆਂ ਦਾ ।੫੫੭।

ਝਬੇ ਪਈ ਸੁਮਤਿ ਚੁਮਿੰਡੀਆਂ ਨੂੰ,
ਵਡ ਕੁਸਤਿ ਫੁਲਾਂਵਾਲਝੋਲਿਆਂ ਦਾ।
ਨਾਰੰਗਵਾਲ ਤੋਂ ਪਿੰਡ ਚਮਿੰਡ ਨੇੜੇ,
ਮਾਰੇ ਖੌਫ ਨਾਰੰਗਵਾਲੀਓਲਿਆਂ ਦਾ।
ਏਥੇ ਅਧਮ ਸੇਵਾਦਾਰ ਜੱਥੜੇ ਦੇ,
ਰਹਿੰਦੇ ਆਸਰਾ ਧਾਰਿ ਧਰਮੋਲਿਆਂ ਦਾ।
ਚਲਿ ਚਮਿੰਡੀਏ ਏਥੜੇ ਆਪ ਆਏ,
ਲੈਣ ਸੋਧ ਪਰਬੋਧ ਸਿਵਕੋਲਿਆਂ ਦਾ।੫੫੮।

ਮੰਨੀ ਸੋਇ ਜੋ ਸੇਵਕਾਂ ਮਤਿ ਦਿਤੀ,
ਮਿਟਿਆ ਦੂੰਦ-ਕਲੇਸ਼ ਕਲਹੋਲਿਆਂ ਦਾ।
ਕੋਰੜ ਮੋਠ ਲੋਕੀ ਫੁਲਾਂਵਾਲ ਵਾਲੇ,
ਚੰਦਨਵਾਸ ਨਿਵਾਸ ਬਾਸੋਲਿਆਂ ਦਾ।
ਗੁਲ ਗੁਲਾਬ ਸੰਗੇ ਜੰਮ ਕੰਡਿਆਂ ਦੇ,
ਫੁਲਾਂ ਗਿਰਦ ਬਾੜਾ ਥੋਹਰੋਲਿਆਂ ਦਾ।
ਚੰਪਕ ਫੁੱਲ ਗਿਰਦੇ ਵਾੜ ਕੰਡਿਆਂ ਦੀ,
ਟਹਿਕੇ ਵਿਚ ਬੂਟਾ ਚੰਪਕੋਲਿਆਂ ਦਾ।੫੫੯।

ਮਣੀਏ ਲਾਲ ਨੂੰ ਘੇਰਿਆ ਬਿਸੀਅਰਾਂ ਨੇ,
ਡੂੰਮ ਡਰਾਵਣਾ ਡੰਗ ਡੰਗੋਲਿਆਂ ਦਾ।
ਡੰਗ-ਮਾਰਨੇ ਡੂੰਮਣੇ ਤੰਗ ਆਏ,
ਵਡਾ ਤੇਜ ਮਣਿ ਲਾਲ ਚਮਕੋਲਿਆਂ ਦਾ।
ਪੱਟੀ ਬੰਨ੍ਹਿ ਅਗਿਆਨ ਦੀ ਅੱਖੀਆਂ ਤੇ,
ਫੜਿਆ ਹੋਰ ਕੁਢੰਗ ਕਹਿਰੋਲਿਆਂ ਦਾ।
ਵਰਤਣ ਲਗਿਆ ਕਹਿਰ ਕਹਾਰੀਆਂ ਦਾ,
ਕੀਤਾ ਕੈਦ ਲਾਲਨ ਲਾਲਝੋਲਿਆਂ ਦਾ।੫੬੦।

ਦਿਤੇ ਚਾਰ ਚੁਫੇਰੜੇ ਲਾਇ ਪਹਿਰੇ,
ਕਾਰਾ ਵਰਤਣਾ ਕਹਿਰ ਕੁਫਰੋਲਿਆਂ ਦਾ।
ਉੱਤੋਂ ਘੋਰ ਕਾਲੀ ਬੋਲੀ ਰਾਤ ਆਈ,
'ਕੱਲਾ ਤੱਕਿਆ ਬੀਰ ਬੀਰੋਲਿਆਂ ਦਾ।
ਕਰਨੇ ਘੋਰ ਅਧਰਮ ਅਧਰਮੀਆਂ ਨੇ,
ਗੁੰਦਣ ਗੁੰਦਿਆ ਗੰਦ-ਮਤੋਲਿਆਂ ਦਾ।
ਨੰਨੇ ਬੀਰ ਬੀਰਾਂ ਦੇ ਅਸੀਰ ਹੋਏ,
ਬੀਰਾਂ ਸੌਣ ਕੀ ਸੁਖ ਨਿੰਦਰੋਲਿਆਂ ਦਾ।੫੬੧।

ਅੱਜ ਸੁੱਖ ਦੀ ਨੀਂਦ ਨਾ ਵੀਰ ਸੁਤੇ,
ਦਿਲ ਦਿਲਗੀਰ ਵੀਰਾਂ ਬਿਰਹੜੋਲਿਆਂ ਦਾ।
ਗਾਵਨ ਬਿਰਹੜੇ ਦੂਰ ਦਸ ਕੋਸ ਉਤੇ,
ਮਨਿ ਬੈਰਾਗ ਅਨੁਰਾਗ ਗ਼ੈਬੋਲਿਆਂ ਦਾ।
ਗ਼ੈਬੋਂ ਸਾਂਗ ਅਗੰਮੜੀ ਕਾਂਗ ਉਠੀ,
ਚੜ੍ਹਿਆ ਬਾਂਗ ਬਿਜਲਾਂਗ ਬਟਣੋਲਿਆਂ ਦਾ।
ਸਾਂਗੋ ਪਾਂਗ ਨਜ਼ਾਰੜੇ ਨਜ਼ਰ ਆਏ,
ਡਿੱਠਾ ਕਸਬ ਕਰਤੱਬ ਦੁਸ਼ਟੋਲਿਆਂ ਦਾ।੫੬੨।

ਦੁਸ਼ਟ ਚੌਂਕੜੀ ਵੀਰ ਚੌਗਿਰਦ ਡਿੱਠੀ,
ਭਿਆਨਕ ਧਰਮ-ਧੱਕਾ ਧੱਕੜੋਲਿਆਂ ਦਾ।
ਧੱਕੜ ਧਰਮ ਬੇਅਦਬੀਆਂ ਕਰਨ ਲੱਗੇ,
ਸੱਦ ਲਿਆ ਹਜਾਮ ਹਜੂਮੋਲਿਆਂ ਦਾ।
ਤਿਆਰੀ ਦੇਖ ਕੇ ਕੇਸ ਬੇਅਦਬੀਆਂ ਦੀ,
ਅੰਦਰ ਹਿਲਿਆ ਦਿੱਬ-ਦ੍ਰਿਸ਼ਟੋਲਿਆਂ ਦਾ।
ਫੇਰੇ ਵਿਚ ਕਾਰਾ ਸਾਰਾ ਵਰਤ ਜਾਣਾ,
ਹੁਣ ਨਾ ਰੰਚ ਵੇਲਾ ਬਿਲੰਬੋਲਿਆਂ ਦਾ।੫੬੩।

ਹੁਣ ਅਸ਼ਥੂਲ ਸਹਾਇਤਾ ਬਣੇ ਨਾਹੀਂ,
ਨਾ ਉਪਾਉ ਲਝੇ ਤਾਬੜ-ਤੋਲਿਆਂ ਦਾ।
ਸੂਖਮ ਸਰੀਰ ਦੁਆਰਾ ਕਢੀ ਕਾਰ ਦੁਆਲੇ,
ਪੜ੍ਹਿਆ ਮੰਤ੍ਰ ਚੌਕੀ ਚੌਗਿਰਦੋਲਿਆਂ ਦਾ।
ਗੁਰ ਕਾ ਸਬਦ ਰਖਵਾਰ ਕੁਟਵਾਰ ਬਣਿਆ,
ਢੱਲੇ ਜ਼ੋਰ ਨਾ ਦੁਸ਼ਟ ਦੂਤੋਲਿਆਂ ਦਾ।
ਸਭ ਭੁਮੱਤਰੇ ਦੂਤ ਜਮ-ਰੂਪ ਨਾਈ,
ਹੀਆ ਪੈ ਨਾ ਸਕੇ ਬੇਹਿਓਲਿਆ ਦਾ।੫੬੪।

ਤੁਰਤ ਉਘੜੀ ਅੱਖ ਬੇਸੁਰਤਿਆਂ ਦੀ,
ਮੁੜਿਆ ਸ੍ਵਾਸ ਅਸਥੂਲ ਸ੍ਰੀਰੋਲਿਆਂ ਦਾ।
ਸੁਰਤ ਉੱਤਰੀ ਸੂਖਮੀ ਮੰਡਲਾਂ ਤੋਂ,
ਪਾਠ ਅਲਾਪਦੀ ਕੀਰਤਨ ਸੋਹਲਿਆਂ ਦਾ।
ਪਈ ਸੱਦ ਅਸਥੂਲ ਸਰੀਰ ਤਾਈਂ,
ਵੇਲਾ ਸੰਭਲੋ ਵੀਰ ਰਖਛੋਲਿਆਂ ਦਾ।
ਕਰਨੀ ਰੱਖਿਆ ਵੀਰ ਦੀ ਜ਼ਾਲਮਾਂ ਤੋਂ,
ਪਰਮ ਧਰਮ ਧਰਮੱਗ ਵੀਰੋਲਿਆਂ ਦਾ।੫੬੫।

ਕਮਰਕਸੇ ਕਰ ਸੋਧ ਅਰਦਾਸੜੇ ਨੂੰ,
ਧਰਿਆ ਧਿਆਨ ਗੁਰ ਮੇਹਰਬਾਨੋਲਿਆਂ ਦਾ।
ਕੀਤੇ ਧਾਵਣੇ ਜਲਵ ਅਸਥਾਨ ਵਲੇ,
ਵੇਲਾ ਗੁਜ਼ਰਿਆ ਪਹਿਰ ਰਾਤੋਲਿਆਂ ਦਾ।
ਇਕ ਧੀਰ ਧਰਮੀ ਦੂਜੇ ਵੀਰ ਮਰਮੀ,
ਸੋਹਣਾ ਸਾਥ ਅਧੀ ਅਵਸਰੋਲਿਆਂ ਦਾ।
ਧਰਮੀ ਵੀਰ ਦੋਈ ਧਾਈ ਕਰੀ ਜਾਵਣ,
ਵੱਡਾ ਜੋਸ਼ ਜਜ਼ਬਾ ਧਾਵਣੋਲਿਆਂ ਦਾ।੫੬੬।

ਕੀਤੀ ਖ਼ਬਰ ਨ ਹੋਰਨਾ ਵੀਰਨਾਂ ਨੂੰ,
ਵੇਲਾ ਤੰਗ, ਨਾ ਬਿਲਮ ਬਿਲਮੋਲਿਆਂ ਦਾ।
ਆਪਣੀ ਜਾਨ ਤੇ ਝਲਣੇ ਕਸ਼ਟ ਸਾਰੇ,
ਨਾ ਦੁਖਾਵਣਾ ਦਿਲ ਦੂਲੋਲਿਆਂ ਦਾ।
ਜੋਧਕ ਦਲ ਦੇ ਦੋ ਸੇਵਾਦਾਰ ਕਾਫ਼ੀ,
ਟੁਟੇ ਮੋਰਚਾ ਗੜ੍ਹ ਮਵਾਸੋਲਿਆਂ ਦਾ।
ਜਾਰੀ ਫ਼ੌਜ ਨੂੰ ਖੇਚਲਾਂ ਹੋਣ ਐਵੇਂ,
ਕੇਵਲ ਕੰਮ ਦੋ ਵੀਰ ਸੂਰੋਲਿਆਂ ਦਾ।੫੬੭।

ਜਿਨ੍ਹਾਂ ਸੱਦ ਪਈ ਸੋਈ ਹੁਕਮ ਮੰਨਣ,
ਡੰਕਾ ਵਜਿਆ ਹੁਕਮ ਬਜੋਲਿਆਂ ਦਾ।
ਜਿਨ੍ਹਾਂ ਹੁਕਮ ਬਜਾਵਣੇ ਤੁਰਤ ਫੁਰਤੀ,
ਤਿਨ੍ਹਾਂ ਸਬਰ ਨ ਠਹਿਰ ਠਰੋਲਿਆਂ ਦਾ।
ਜਕਾਂ ਤਕਾਂ ਨਾ ਭਾਉਣ ਪਰਵਾਨਿਆਂ ਨੂੰ,
ਚੜ੍ਹਿਆ ਚਾਉ ਜਿਨ ਦੀਪ-ਦਰਸੋਲਿਆਂ ਦਾ।
ਧਰਨਿ ਧੀਰ ਹੁਣ ਸ਼ਾਂਤਕੀ ਵੀਰ ਦੋਈ,
ਅਬ ਸੁ ਦਾਉ ਰਣ ਜੂਝ ਜੂਝੋਲਿਆਂ ਦਾ।੫੬੮।

ਤੁੰਜੇ ਮੋਰਚਾ ਖੜਕੀ ਫਿਲ ਕੋਡੇ,
ਮਥਿਆ ਮਰਨ ਰਣ ਖੇਤ-ਮਾਂਡੋਲਿਆਂ ਦਾ।
ਪੁੱਜੇ ਤੋੜ ਬੁਲਬੁਲ ਗੁਲ ਨਿਗਰਾਨੀਆਂ ਦੇ,
ਬੰਧਨ ਤੋੜ ਦੇਣਾ ਫੂਲ-ਫੰਧੋਲਿਆਂ ਦਾ।
ਨਾਗਾਂ ਫਾਸ ਪਾਈ ਗਲ ਚੰਦਨੋਲੜੇ ਦੇ,
ਹਰਿਜਨ ਕਰਨਿ ਉਪਕਾਰ ਗਰੜੋਲਿਆਂ ਦਾ।
ਤਕੜੀ ਰਾਤ ਬੀਤੀ ਸੁੱਤੀ ਘੂਕ ਨਗਰੀ,
ਜਾਗੇ ਪਹਿਰੂਆ ਨਗਰ ਨਿਗਾਤੋਲਿਆਂ ਦਾ।੫੬੯।

ਨਗਰ ਦੁਆਰ ਖਲੋਤੜੇ ਸਿੰਘ ਸੋਚਣ,
ਕਿਤ ਵਲ ਦੁਆਰੜਾ ਨਜ਼ਰ-ਬੰਦੋਲਿਆਂ ਦਾ।
ਪਹਿਲੀ ਵਾਰ ਆਏ ਅੱਜ ਏਸ ਨਗਰੀ,
ਪਤਾ ਕੁਝ ਨਾ ਦਿਸ਼ਟ ਕੂਟੋਲਿਆਂ ਦਾ।
ਕਿਸ ਤੋਂ ਪੁਛੀਏ ਕੱਢੀਏ ਖੋਜ ਕਿਥੋਂ,
ਕਿਸ ਬਿਧ ਸੋਧਣਾ ਹੋਇ ਬੁਰਛੋਲਿਆਂ ਦਾ।
ਐਨ ਸਾਹਮਣੇ ਪਾਸ ਦੋ ਕਰਮ ਉਤੇ,
ਡਿੱਟਾ ਇਕ ਬਾੜਾ ਡੰਗਰੋਲਿਆਂ ਦਾ।੫੭੦।

ਰਾਖੀ ਡੰਗਰਾਂ ਦੀ ਇਕ ਪੁਰਸ਼ ਸੁੱਤਾ,
ਸੌਣਾ ਭਾਸਦਾ ਨੀਮ-ਖ਼ੁਫ਼ਤੋਲਿਆਂ ਦਾ।
ਲੈ ਕੇ ਬਿੜਕ ਚੁਕਸਾਇ ਕੇ ਉਠਿ ਬੈਠਾ,
ਸਿਆਤਾ ਚਿਹਨ ਨਿਕਟਿਹਨ ਖਲਤੋਲਿਆਂ ਦਾ।
ਡਿੱਗਾ ਧਾਇ ਕੇ ਸਿੰਘਾਂ ਦੇ ਚਰਨ ਉਤੇ,
ਆਦਰ ਭਾਉ ਕਰਿ ਬੋਲ ਨਿਮਰੋਲਿਆਂ ਦਾ।
ਧੰਨ ਭਾਗ ਇਸ ਨਗਰ ਦੀ ਭੂਮੜੀ ਦੇ,
ਜਿਥੇ ਚਰਨ ਪਿਆ ਪਿਆਰੜੋਲਿਆਂ ਦਾ।੫੭੧।

ਅੱਜ ਮੇਰੜੇ ਵੀ ਧੰਨ ਭਾਗ ਹੋਏ,
ਜਿਸ ਦੀਦਾਰ ਹੋਇਆ ਗੁਰਮੁਖੋਲਿਆਂ ਦਾ।
ਮੇਰੇ ਲਾਇਕ ਹੋਵੇ ਜੋਈ ਟਹਿਲ ਸੇਵਾ,
ਸੋਈ ਕਰੋ ਹੁਕਮ ਮਨ-ਭਾਵੋਲਿਆਂ ਦਾ।
ਲਿਆਵਾਂ ਤੁਰਤ ਬਜਾਇ ਮੈਂ ਘੋਲ ਘਤਾਂ,
ਮੈਨੂੰ ਚਾਉ ਰਾਵਣ ਆਗਮੋਲਿਆਂ ਦਾ।
ਸਿੰਘਾਂ ਆਖਿਆ ਮੁਖ ਤੋਂ ਧੰਨ ਸਤਿਗੁਰ,
ਕੀਤਾ ਮੇਲ ਅਚੇਤ ਮਿਲਣੋਲਿਆਂ ਦਾ।੫੭੨।

ਸੇਵਾ ਟਹਿਲ ਦੀ ਹੋਰ ਨਾ ਲੋੜ ਸਾਨੂੰ,
ਦਸੋ ਮਹਿਲ ਨਵਰੰਗ ਮਹੋਲਿਆਂ ਦਾ।
ਦੀਪ ਦਰਸ਼ਨੀ ਦੇ ਕਿਵੇਂ ਦਰਸ ਹੋਵਨਿ,
ਸਾਨੂੰ ਦਾਹੁ ਵਡ ਦਰਦ-ਰੰਞੋਲਿਆਂ ਦਾ।
ਦਸੋ ਤੁਰਤ ਜਿਵੇਂ ਵੀਰ ਨਾਲ ਬੀਤੀ,
ਦੇਹੋ ਦਰਸ ਦਿਖਾਲਿ ਦੀਪੋਲਿਆਂ ਦਾ।
ਡਿਠੇ ਬਾਝ ਨਾ ਸਾਨੂੰ ਪਤੀਜ ਆਵੇ,
ਧੀਰੇ ਜੀਉ ਨ ਬਲਿ ਬਲਿ ਗਇਓਲਿਆਂ ਦਾ।੫੭੩।

ਪੁਰਸ਼ ਆਖਿਆ ਜੋੜ ਕੇ ਹੱਥ ਅਗੋਂ,
ਸੁਣੋ ਸਚ ਸੰਦੇਸ਼ ਸਜਨੋਲਿਆਂ ਦਾ।
ਅੱਖੀਂ ਡਿਠੜਾ ਸੋਈ ਮੈਂ ਸੱਚ ਆਖਾਂ,
ਪ੍ਰਬਲ ਸਿਦਕ ਸਿਦਕ-ਪਰਬਤੋਲਿਆਂ ਦਾ।
ਸਾਰੇ ਵਾਹ. ਜਹਾਨ ਦੀ ਲਾਇ ਥਕੇ,
ਸਿਦਕ ਡੋਲਿਆ ਨਾ ਸਿਦਕੜੋਲਿਆਂ ਦਾ।
ਛਡੀ ਕਸਰ ਨਾ ਧਰਮ ਦੇ ਵੈਰੀਆਂ ਨੇ,
ਸਭ ਉਤਪਾਤ ਨਿਹਫਲ ਗੰਵਾਰੋਲਿਆਂ ਦਾ।੫੭੪।

ਅਜੇ ਤੀਕ ਨਾ ਹੋਇਆ ਵਾਲ ਵਿੰਗਾ,
ਧਰਮ ਦ੍ਰਿੜ੍ਹ ਗੁਰਮਤਿ ਸੁਧਰਮੋਲਿਆਂ ਦਾ।
ਜਾਗੇ ਭਾਗ ਇਸ ਪਿੰਡ ਅਰਿੰਡੜੇ ਦੇ,
ਕੱਲਰ ਕਵ੍ਲ ਬੂਟਾ ਚੰਦਨੋਲਿਆਂ ਦਾ।
ਨਹੀਂ ਲਾਲ ਦੀ ਸਾਰ ਬੇਕਦਰਿਆਂ ਨੂੰ.
ਹੋਸੀ ਮੁਖ ਕਾਲਾ ਬਮੁਖੋਲਿਆਂ ਦਾ।
ਸਾਡੀ ਪੇਸ਼ ਨਾ ਜਾਵਂਦੀ ਮੂਲ ਕੋਈ,
ਹੋਇਆ 'ਕੱਠ ਕਬੀਲ-ਕੁੜਮੋਲਿਆਂ ਦਾ।੫੭੫।

ਨਾਮ ਧਰੀਕ ਏਥੇ ਅਸੀਂ ਸਿਖ ਟਾਵੇਂ,
ਨਹੀਂ ਜ਼ੋਰ ਚਲੇ ਨਾ-ਜ਼ੋਰੋਲਿਆਂ ਦਾ।
ਆਇਆ ਰਪਟੀਆ ਏਤਨੀ ਗੱਲ ਕਰਦੇ,
ਦਸੇ ਸੱਜਰਾ ਹਾਲ ਸਜਨੋਲਿਆਂ ਦਾ।
ਆਇਆ ਦੇਖ ਕੇ ਹੁਣੇ ਹੀ ਨਿਜ ਅਖੀਂ,
ਦੀਵਾ ਜਗਦਾ ਦੀਪ ਘਰੋਲਿਆਂ ਦਾ।
ਸਮੀ ਸੰਝ ਤੋਂ ਅਧੜੀ ਰਾਤ ਹੋ ਗਈ,
ਸਮਾਂ ਗੁਜ਼ਰਿਆ ਕਹਿਰ ਕਸ਼ਟੋਲਿਆਂ ਦਾ।੫੭੬।

ਅੰਦਰ ਲਾਇ ਕਵਾੜ ਕਰਿ ਬੰਦ ਬੂਹਾ,
ਖਾੜਾ ਰਚਿਆ ਘੋਰ ਜ਼ੁਲਮੋਲਿਆਂ ਦਾ।
ਬਾਹਰੋਂ ਝੀਤੀਆਂ ਵਿਚ ਦੀ ਦੇਖਿਆ ਮੈਂ,
ਕੁਫ਼ਰ ਕਸਬ ਕਾਫ਼ਰ ਜ਼ਾਲਮੋਲਿਆਂ ਦਾ।
ਨਾਈ ਸੱਦ ਬਹਾਲਿਆ ਪਾਸ ਮੰਜੇ,
ਅੰਤਰਿ ਧਿਆਨ ਸੀ ਮੰਚ-ਸਜੋਲਿਆਂ ਦਾ।
ਧੰਨ ਮੰਚ ਸਸ਼ੱਤ੍ਰੀ ਵੀਰ ਬਾਂਕੇ,
ਹਿਲੈ ਅੰਗ ਨਾ ਰੰਗ-ਰਤੋਲਿਆਂ ਦਾ।੫੭੭।

ਸੰਦ ਮੰਦ ਹਜਾਮ ਨੇ ਤਿਆਰ ਕੀਤੇ,
ਲਾਣਾ ਤਿਆਰ ਹੋਇਆ ਕਾਫ਼ਰੋਲਿਆਂ ਦਾ।
ਵਧੇ ਸੀਸ ਤੋਂ ਪੱਗ ਉਤਾਰਨੇ ਨੂੰ,
ਭਾਣਾ ਵਰਤਿਆ ਵਡ ਅਚੰਭੋਲਿਆਂ ਦਾ।
ਲਗੇ ਕੰਬਣੇ ਹੱਥ ਕੁਹੱਥਿਆਂ ਦੇ,
ਉਠੇ ਪੈਰ ਨਾ ਵੈਰ-ਵਧੋਲਿਆਂ ਦਾ।
ਸਭਿ ਠਠੰਬਰੇ ਗਰਦਨੀ ਖਾਇ ਡਿਗੇ,
'ਕੱਠ ਖਿੰਡਿਆ ਲੱਠ-ਲਠੋਲਿਆਂ ਦਾ।੫੭੮।

ਉਠਿ ਨਠਿਆ ਬੁਗਚੜਾ ਬੰਨ੍ਹ ਨਾਈ,
ਭੇਜਲ ਦੇਖਿਆ ਕੋਈ ਗ਼ੈਬੋਲਿਆਂ ਦਾ।
ਥੋੜੀ ਦੇਰ ਪਿਛੋਂ ਇਕ ਵੇਰ ਹੋਇਆ,
'ਕੱਠ ਫੇਰ ਚੁਫੇਰਗੜ੍ਹੀਓਲਿਆਂ ਦਾ।
ਮਿਠੇ ਹੋਇ ਲੱਗੇ ਕਰਨ ਚਾਪਲੂਸੀ,
ਲਾਰਾ ਲੌਣ ਕੂੜੇ ਲਾਰੜੋਲਿਆਂ ਦਾ।
ਛਲੀਏ ਚਲ ਕੇ ਆਏ ਸੁਸਰਾਲ ਵਲੋਂ,
ਵਲ ਛਲ ਵਰਤਣਾ ਝੱਤ-ਲੰਘੋਲਿਆਂ ਦਾ।੫੭੯।

ਟੇਢੀ ਚਾਲ ਵਾਲਾ ਕੋਈ ਜਾਲ ਰਚਣਾ,
ਉਤੋਂ ਮੇਮਣਾਪਣ ਮੀਸਣੋਲਿਆਂ ਦਾ।
ਗੋਂਦ ਗੁੰਦਣੇ ਨਵੇਂ ਮਨਸੂਬਿਆਂ ਦੇ,
ਖੋਟਾ ਮਨਮਤਾ ਮਨ ਖੋਟੜੋਲਿਆਂ ਦਾ।
ਏਦੂ ਪੂੰਦ ਨਾ ਹੋਰ ਹੈ ਖ਼ਬਰ ਮੈਨੂੰ,
ਹਾਲ ਵਰਤਿਆ ਡੀਠ ਡੀਠੋਲਿਆਂ ਦਾ।
ਇਕ ਸਿੰਘ ਹਮਦਰਦ ਗੁਆਂਢ ਰਹਿੰਦਾ,
ਜਾਣੇ ਹਾਲ ਬਿਰਤਾਂਤ ਵਰਤੋਲਿਆਂ ਦਾ।੫੮੦।

ਸਿੰਘਾਂ ਸੱਦ ਬੁਲਾਇਆ ਓਸ ਤਾਈਂ,
ਜੋਸ਼ ਡਾਢੜਾ ਬੀਰ ਰਸੋਲਿਆਂ ਦਾ।
ਅਸਾਂ ਪੁਜਣਾ ਤੋੜ ਧੁਰ ਮੌਕੜੇ ਤੇ,
ਮੌਕਾ ਦੇਹੋ ਦਿਖਾਇ ਗੁਆਂਢੋਲਿਆਂ ਦਾ।
ਗੁਆਂਢੀ ਆਖਿਆ ਨਿਮਰੀਭੂਤ ਹੋ ਕੇ,
ਪਾਇਆ ਵਾਸਤਾ ਗੁਰੂ ਦਯੜੋਲਿਆਂ ਦਾ।
ਖੇਚਲ ਕਰੋ ਨਾ ਆਪ ਖ਼ੁਦ ਜਾਵਣੇ ਦੀ,
ਹਾਜ਼ਰ ਖੜਾ ਹੈ ਦਾਸ ਦਾਸੋਲਿਆਂ ਦਾ।੫੮੧।

ਜੈਸਾ ਹੁਕਮ ਕਰੋ ਸੋ ਬਜਾਇ ਲਿਆਵਾਂ,
ਲਾਵਾਂ ਬਿਲਮ ਨ ਨਿਮਖ ਭਰੋਲਿਆਂ ਦਾ।
ਖ਼ੁਦ ਬੁਲਾਇ ਲਿਆਵਾਂ ਦੀਪ ਦਰਸ਼ਨੇ ਨੂੰ,
ਮਿਟੇ ਦਰਸ ਕਰ ਜੋਸ਼ ਦਿਲੜੋਲਿਆਂ ਦਾ।
ਹੱਡ ਬੀਤੀਆਂ ਆਪ ਸੁਣਾਇ ਦੇਵਣ,
ਧਰੇ ਧੀਰ ਦਿਲ ਬੀਰ-ਬਿਰਹੋਲਿਆਂ ਦਾ।
ਕਰਨੀ ਵੱਡੜੀ, ਜਿੰਦੜੀ ਛੋਟੜੀ ਦੀ,
ਕਰੇ ਕਦਰ ਕੋ ਲਾਲ ਅਮੋਲਿਆਂ ਦਾ।੫੮੨।

ਦੁਸ਼ਟ ਚੌਂਕੜੀ ਵਿਚਿ ਨ ਰਹਿਣ ਲਾਇਕ,
ਲਾਲ ਗੁਝੜਾ ਗੁਰ ਸੰਗਤੋਲਿਆਂ ਦਾ।
ਗੁਰੂ ਸੰਗਤਾਂ ਦੇ ਯੋਗ ਗੁਰ ਦੁਲਾਰਾ,
ਏਥੇ ਨਗਰ ਸਾਰਾ ਬੇ-ਕਦਰੋਲਿਆਂ ਦਾ।
ਸੰਗੋ ਆਪਣੇ ਲਾਲ ਨੂੰ ਲੈ ਸਿਧਾਵੇ,
ਜਿਥੇ ਸੰਗ ਵਡ ਕਦਰ ਦਾਨੋਲਿਆਂ ਦਾ।
ਏਥੇ ਬਾਹਰੂ ਏਸ ਦਾ ਕੋਇ ਨਾਹੀਂ,
ਸਾਰਾ 'ਕੱਠ ਤਮਾਸ਼-ਬੀਨੋਲਿਆਂ ਦਾ।੫੮੩।

ਕੋਈ ਦਰਦ ਹਿਤੈਸ਼ੀਆ ਬਣੇ ਨਾਹੀਂ,
ਮਾਂ ਮਹਿੱਟਰਾਂ ਬਾਪ ਹੀਣੋਲਿਆਂ ਦਾ।
ਬਾਝ ਸੰਗਤਾਂ ਦੇ ਕੋ ਹਮਾਇਤੀ ਨਾ,
ਬੁਢੀ ਦਾਦੜੀ ਦੇ ਪੋਤੜੋਲਿਆਂ ਦਾ।
ਸਭ ਸ਼ਰੀਕ ਮੁਸ਼ਟੰਡੜੇ ਧਰਮ ਹੀਣੇ,
ਓਹਨਾਂ ਮਰਮ ਕੀ ਗੁਰ-ਲਾਲੜੋਲਿਆਂ ਦਾ।
ਮਮਤਾ ਮਾਰੜੀ ਬੁਢੜੀ ਮਤਿ ਹੀਣੀ,
ਪਾਇਆ ਰੌਲੜਾ ਰੋਲ ਘਚੋਲਿਆਂ ਦਾ।੫੮੪।

ਚੜ੍ਹੀ ਹੱਥ ਸ਼ਰੀਕ ਅਨਮੱਤੀਆਂ ਦੇ,
ਸੱਥਰ ਘਤਿਆ ਸੱਥ-ਘੱਤੋਲਿਆਂ ਦਾ।
ਸਭ ਸ਼ਰੀਕੜੇ ਲੂਤੀਆਂ ਲੌਣ ਵਾਲੇ,
ਵੇਹੜਾ ਮੋਕਲਾ ਲਾਈ-ਲਗੋਲਿਆਂ ਦਾ।
ਲਾਈ-ਲੱਗਿ ਮਾਈ ਪਿੱਛੇ ਲੱਗ ਤੁਰਦੀ,
ਫੁਰਿਆ ਮੰਤ ਕੁਮੰਤ ਸ਼ੀਕੋਲਿਆਂ ਦਾ।
ਬੁੱਢੀ ਦਾਦੜੀ ਕਾਲਜਾ ਫੜੀ ਬੈਠੀ,
ਮੋਹ ਵਡੜਾ ਅੰਸ ਮਮਤੋਲਿਆਂ ਦਾ।੫੮੫।

ਬੇਰੀ ਆਖਦੀ ਬਿਗੜਿਆ ਬਾਲ ਮੇਰਾ,
ਵਿੰਗਾ ਬਾਲ ਨਾ ਲਾਲ ਬਿਗੜੋਲਿਆਂ ਦਾ।
ਆਪੇ ਪਊ ਸੁਮਤੜੀ ਬੁੱਢੜੀ ਨੂੰ,
ਕਰੇ ਹੀਲੜਾ ਲੈ ਚਲਣੋਲਿਆਂ ਦਾ।
ਸੰਗਤ ਜੋਗ ਸੁਗਾਤ ਗੁਰ ਸੰਗਤਾਂ ਦੀ,
ਨ ਕੁਸੰਗ ਚੰਗਾ ਅਨਮਤੋਲਿਆਂ ਦਾ।
ਬਾਹਲਾ ਜ਼ੋਰ ਏਥੇ ਆਨਮੱਤੀਆਂ ਦਾ,
ਟਾਵਾਂ ਟੱਲੜਾ ਘਰ ਗੁਰ-ਸਿੱਖੋਲਿਆਂ ਦਾ।੫੮੬।

ਦਾਲ ਗਲੇ ਨ ਦਬੜੂਆਂ ਘੁਸੜੂਆਂ ਦੀ,
ਸਾਰਾ ਪਿੰਡ ਕੋਰੜ ਮੋਠੜੋਲਿਆਂ ਦਾ।
ਨਾਲ ਕੁੱਕੜਾਂ ਦੇ ਨਹੀਂ ਨਰੜ ਚੰਗਾ,
ਹੰਸ ਬੱਚਿਆਂ ਹੀਰ-ਚੁਗੋਲਿਆਂ ਦਾ।
ਹੰਸ ਸੋਭਦੇ ਮਾਨ ਸਰੋਵਰਾਂ ਤੇ,
ਕੋੜਾ ਵਾਸ ਟੋਭੇ ਛਪੜੋਲਿਆਂ ਦਾ।
ਰੱਖੋ ਹੰਸਲੇ ਨੂੰ ਵਿਚ ਸੰਗਤਾਂ ਦੇ,
ਸੰਗਮ ਸੋਭਦਾ ਹੰਸ ਹੰਸੋਲਿਆਂ ਦਾ।੫੮੭।

ਸੁਹਬਤ ਮੰਦੜੀ ਕਾਗ ਕੁਪੰਖੀਆਂ ਦੀ,
ਸੱਭੇ ਮੇਲ ਸੱਜਨ ਸਜਨੋਲਿਆਂ ਦਾ।
ਭੈੜੀ ਰੀਤ ਬਿਪਰੀਤ ਹੈ ਸਾਕ਼ਤਾਂ ਦੀ,
ਮੰਦ ਕੁਸੰਗ ਭੈੜਾ ਦੁਰਜਨੋਲਿਆਂ ਦਾ।
ਸਾਕਤ ਸੋਧਿਆਂ ਭੀ ਨ ਦਰੁਸਤ ਹੁੰਦੇ,
ਤਾਂ ਤੇ ਤਿਆਗ ਚੰਗਾ ਸਾਕਤੋਲਿਆਂ ਦਾ।
ਲੈ ਕੇ ਲਾਲ ਨੂੰ ਆਪਣੇ ਸੰਗ ਜਾਵੇ,
ਮਿਟੇ ਧੁਖਧੁਖਾ ਦਿਲ ਧੁਖਧੁਖੋਲਿਆਂ ਦਾ।੫੮੮।

ਲਿਆਵਾਂ ਜਾਇ ਝੱਬੇ ਦੀਪ ਦਰਸ਼ਨੇ ਨੂੰ,
ਏਹ ਇਸ਼ਨਾਨ ਵੇਲਾ ਸੁਜਾਨੋਲਿਆਂ ਦਾ।
ਆਵੇ ਸੁਘੜ ਸੁਜਾਨ ਇਸ਼ਨਾਨ ਕਰਨੇ,
ਸਾਡੇ ਵੇਹੜੇ ਕੂਪ ਉਦਕੋਲਿਆਂ ਦਾ।
ਕਰੇ ਨਿਤ ਇਸ਼ਨਾਨ ਘਰ ਆਇ ਸਾਡੇ,
ਤੜਕ ਸਾਰ ਜਦ ਸਵਾ ਪਹਿਰੋਲਿਆਂ ਦਾ।
ਸਹਿਜ ਸ਼ਾਂਤ ਤੇ ਚੁਪ ਚੁਪਾਂਤ ਸੇਤੀ,
ਕਾਰਜ ਕਰਾਂ ਮੈਂ ਰਾਜਨੀਤੋਲਿਆਂ ਦਾ।੫੮੯।

ਚੁਪਕੇ ਕੂਪ ਅਸਥਾਨ ਤੋਂ ਖਿਸਕ ਆਈਏ,
ਪਵੇ ਸ਼ੋਰ ਨ ਸ਼ੋਰ-ਮਚੋਲਿਆਂ ਦਾ।
ਕਿਰਪਾ ਧਾਰ ਤੁਸੀਂ ਵੀ ਇਕਾਂਤ ਮੱਲੋ,
ਨੇੜਾ ਛਡਿ ਕੇ ਨਗਰ ਜੂਹੋਲਿਆਂ ਦਾ।
ਮਤੇ ਖਬਰ ਹੋਵੇ ਥੋੜੇ ਆਗਮਨ ਦੀ,
ਬਿਗੜੇ ਕਾਜ ਸਭ ਸਹਿਜ ਮਤੋਲਿਆਂ ਦਾ।
ਸਿੰਘਾਂ ਆਖਿਆ ਵੀਰ ਨੂੰ ਅਸਾਂ ਮਿਲਣਾ,
ਭਾਵੇ ਮਤਾ ਨਾ ਹਰਨ ਹੋਵੋਲਿਆਂ ਦਾ।੫੯੦।

ਪਹਿਲਾਂ ਪੁੱਛੀਏ ਵੀਰ ਨੂੰ ਹਾਲ ਸਾਰਾ,
ਪਿਛੋਂ ਹੁਕਮ ਜੋ ਹੁਕਮ-ਰਜ਼ੋਲਿਆਂ ਦਾ।
ਵੀਰ ਕਹਿਣਗੇ ਜੇ ਨਾਲ ਚਲਣੇ ਨੂੰ,
ਸੁਧੂ ਫੇਰ ਗੁਰਮਤਾ ਹਰਨੋਲਿਆਂ ਦਾ।
ਹਰਨ ਹੋਵਣਾ ਆਇ ਕੇ ਮੋਰਚੇ ਤੋਂ,
ਨਹੀਂ ਕੰਮ ਸਿੰਘਾਂ ਸੂਰਮੋਲਿਆਂ ਦਾ।
ਜਿਥੇ ਵੀਰ ਨੂੰ ਮਿਲਣ ਸਰੀਰ ਪੀੜਾਂ,
ਓਥੋਂ ਹਿੱਲਣਾ ਕੀ ਪਿਰਹੜੋਲਿਆਂ ਦਾ।੫੯੧।

ਸਾਨੂੰ ਤਾਂਘ ਲੱਗੀ ਵੀਰ ਦਰਸ਼ਨਾਂ ਦੀ,
ਦਰਸ਼ਨ ਪਿਆਰੜਾ ਸੁਖੀਂ-ਲਧੋਲਿਆਂ ਦਾ।
ਨਹੀਂ ਜਾਨ ਪਿਆਰੀ ਨਹੀਂ ਪ੍ਰਾਨ ਪਿਆਰੇ,
ਪਿਆਰਾ ਇਕ ਦੀਦਾਰ ਦੀਪੋਲਿਆਂ ਦਾ।
ਦੀਪ ਪ੍ਰੀਤ ਦੇ ਦਰਸ ਪਤੰਗਿਆਂ ਨੂੰ,
ਦੁੱਭਰ ਛੱਡਣਾ ਦੀਪ ਦਾਇਰੋਲਿਆਂ ਦਾ।
ਦੀਪ ਦਰਸ ਦੇ ਦਾਇਰੇ ਵਿਚ ਫਸ ਕੇ,
ਮੁਸ਼ਕਲ ਨਿਕਲਣਾ ਦਰਸ ਹਿਤੋਲਿਆਂ ਦਾ।੫੯੨।

ਵੀਰ ਦਰਸ਼ਨਾਂ ਬਾਝ ਨ ਜੀਉਣ ਸਾਡਾ,
ਸਾਡਾ ਹਾਲ ਬੇਹਾਲ ਮੁਰੀਦੋਲਿਆਂ ਦਾ।
ਅਸੀਂ ਵੀਰ ਪਿਆਰੇ ਵੀਰ-ਮਿੱਤੜੇ ਦੇ,
ਜਫਰ ਜਾਲਿਆ ਜਿਨ ਵਡ ਜਫਰੋਲਿਆਂ ਦਾ।
ਜਫਰ ਜਾਲਣੇ ਵੀਰੜੇ ਨਾਲ ਰਲ ਕੇ
ਸਾਡਾ ਸਦਕੜਾ ਪਿਆਰ ਵੰਡੋਲਿਆਂ ਦਾ।
ਅਸੀਂ ਪਿਆਰ ਵੰਡਾਵਣੇ ਸਦਕਿਆਂ ਦੇ,
ਸਦਕਾ ਦੇਵਣਾ ਵੀਰ ਸਿਦਕੋਲਿਆਂ ਦਾ।੫੯੩।

ਸਦਕੇ ਜਾਈਏ ਵੀਰ ਦੇ ਸਿਦਕ ਵਿਟਹੁ,
ਧਰਮ ਪਾਲਿਆ ਸਿਦਕ ਵਡੋਲਿਆਂ ਦਾ।
ਜਾਓ ਵੀਰ ਨੂੰ ਸੱਦ ਲਿਆਓ ਛੇਤੀ,
ਸਾਨੂੰ ਬਰਸ ਬੀਤੇ ਪਲ ਛਿਨੋਲਿਆਂ ਦਾ।
ਫੇਰ ਆਖਿਆ ਵੀਰ ਪੜਉਸੀਏ ਨੇ,
ਮੰਨੋ ਬਚਨ ਜੇ ਮੂੰ ਜੋਦੜੋਲਿਆਂ ਦਾ।
ਕਰਸਾਂ ਬਚਨ ਪੂਰਾ ਵੀਰ ਮੇਲਣੇ ਦਾ,
ਅਰਸਾ ਲਗਸੀ ਘੜੀ ਮੋਹਤੋਲਿਆਂ ਦਾ।੫੯੪।

ਬਾਹਰ ਪਿੰਡ ਦੀ ਜੂਹ ਤੇ ਇਕ ਖੂਹੀ,
ਵਡ ਏਕਾਂਤ ਅਸਥਾਨ ਭਜਨੋਲਿਆਂ ਦਾ।
ਕਰੋ ਜਾਇ ਇਸ਼ਨਾਨ ਧਿਆਨ ਓਥੇ,
ਵੇਲਾ ਹੋ ਗਿਆ ਨਿਤ-ਨੇਮੋਲਿਆਂ ਦਾ।
ਮੈਂ ਭੀ ਏਤਨੇ ਨੂੰ ਆਇਆ ਵੀਰ ਲੈ ਕੇ,
ਵਾਅਦਾ ਪੱਕ ਪਰਤੀਤ ਬਚਨੋਲਿਆਂ ਦਾ।
ਪਾਵਾਂ ਵਾਸਤਾ ਆਪ ਦੇ ਵੀਰੜੇ ਦਾ,
ਕਰੋ ਸੁਖ਼ਨ ਮਨਜ਼ੂਰ ਸੁਖ਼ਨੋਲਿਆਂ ਦਾ।੫੯੫।

ਸੁਣ ਕੇ ਵਾਸਤਾ ਵੀਰ ਦਾ ਵੀਰ ਦੂਵੇ,
ਲਿਆ ਰਾਹ ਉਦਿਆਨ ਕੂਪੋਲਿਆਂ ਦਾ।
ਟੱਪੇ ਪਿੰਡ ਦੀ ਜੂਹ ਨਾ ਖੂਹ ਨੇੜੇ,
ਪੰਧ ਪੂਰੜਾ ਡੇਢ ਕੋਸੋਲਿਆਂ ਦਾ।
ਟਿੱਬੇ ਚਾਰ ਚੁਫੇਰੜੇ ਖੂਹੜੀ ਦੇ,
ਦੁਆਲੇ ਛੰਭ ਝਾੜਾਂ ਛਿਛਰੋਲਿਆਂ ਦਾ।
ਹਾਇ ਵਿਚ ਉਜਾੜ ਬਨਵਾਸ ਮਿਲਿਆ,
ਰਹਿਆ ਦੂਰ ਘਰ ਬਾਰ ਪਿਆਰੋਲਿਆਂ ਦਾ।੫੯੬।

ਛਲੀਏ ਛਲ ਲਿਆ ਨਿਰਛਲੇ ਸਾਧੂਆਂ ਨੂੰ,
ਪਾ ਕੇ ਵਾਸਤਾ ਛਬ ਛੈਲਛੋਲਿਆਂ ਦਾ।
ਬੱਧੇ ਬਚਨ ਦੇ ਹਿੱਲ ਨਾ ਸਕਨਿ ਮਜਨੂੰ,
ਆਵੇ ਯਾਦ ਕੂਚਾ ਲੈਲਛੋਲਿਆਂ ਦਾ।
ਵੀਰ ਦੂਰ ਦੁਰਾਡੜੀ ਵਿੱਥ ਨਾਲੋਂ,
ਸੱਥਰ ਚੰਗੜਾ ਵੀਰ ਕੂਚੋਲਿਆਂ ਦਾ।
ਬਿਰਹਾ ਵੀਰ ਦਾ ਸੀਨੜਾ ਚੀਰ ਗਇਆ,
ਰੋਮ ਰੋਮ ਬਿਰਹਾ ਵੀਰਛੋਲਿਆਂ ਦਾ।੫੯੭।

ਰੋਮ ਰੋਮ ਵਸਿਆ ਵੀਰ ਯਾਰ ਬਣ ਕੇ,
ਪਾਵਨ ਪ੍ਰੇਮ ਢੋਲੇ ਯਾਰਛੋਲਿਆਂ ਦਾ।
ਅੰਗਣ ਦਿਲਾਂ ਦੇ ਯਾਰੜਾ ਮੱਲ ਬੈਠਾ,
ਸੁਆਂਗ ਧਾਰ ਕੇ ਵੀਰ ਰੂਪੋਲਿਆਂ ਦਾ।
ਸਚੇ ਪ੍ਰੇਮ ਸੰਦੀ ਡਾਢੀ ਲਲਤ ਲੀਲਾ,
ਪ੍ਰੇਮ ਡਾਢੜਾ ਚਲਤ ਚਲਤੋਲਿਆਂ ਦਾ।
ਓੜਕ ਬੰਨ੍ਹਿ ਧਰਵਾਸ ਇਕਰਾਰ ਵਾਲਾ,
ਕੀਤਾ ਸੌਚ ਇਸ਼ਨਾਨ ਸ੍ਰੀਰੋਲਿਆਂ ਦਾ।੫੯੮।

ਚਲੇ ਪਾਠ ਪਰਵਾਹ ਗੁਰਬਾਣੀਆਂ ਦੇ,
ਭੀ ਅਭਿਆਸ ਗੁਰ ਸ਼ਬਦ ਸੁਆਸੋਲਿਆਂ ਦਾ।
ਵੀਰ-ਪ੍ਰੇਮ-ਬਿਰਹਾ ਦੇ ਪ੍ਰਭਾਵ ਕਰਕੇ,
ਖਿੜਿਆ ਰੰਗ ਅਪਾਰ ਰੰਗੋਲਿਆਂ ਦਾ।
ਜਾਇ ਖੇਡੀਆਂ ਬਿਰਤੀਆਂ ਸਹਿਜ ਖੰਡੀਂ,
ਟੋਣਾ ਲਗਿਆ ਪ੍ਰੇਮ-ਬਾਣੋਲਿਆਂ ਦਾ।
ਸਾਈਂ-ਪ੍ਰੇਮ ਸਮ ਪ੍ਰੇਮ ਗੁਰ-ਭਾਈਆਂ ਦੇ,
ਇਕੋ ਜੋਤ ਜਲਵਾ ਸਮ-ਅੰਸੋਲਿਆਂ ਦਾ।੫੯੯।

ਲੱਗੀ ਸਹਿਜ ਸਮਾਧ ਵਿਜੋਗੀਆਂ ਦੀ,
ਧੰਨ ਬਿਰਹਾ ਸੁਲਤਾਨ ਫੁਲਝੋਲਿਆਂ ਦਾ।
ਵਿਚ ਉਜਾੜ ਦੇ ਫੁਲ ਹੀ ਫੁਲ ਟਹਿਕਣ,
ਝਾੜ ਝਾੜ ਗੁਲਜ਼ਾਰ ਗੁਲਝੋਲਿਆਂ ਦਾ।
ਝਾੜੀਂ ਜੋਤਿ ਫਾਨੂਸੀਏ ਝਾੜ ਲਟਕਣ,
ਰੂਪ ਧਾਰਿ ਦਰਸ਼ਨ ਦੀਪਝੋਲਿਆਂ ਦਾ।
ਦੀਪ ਦਰਸ਼ਨਾਂ ਦੇ ਵਜਨਿ ਦਰਸ ਝਲਕੇ,
ਝਲਕੇ ਜੋਤਿ ਗੁਲਸ਼ਨ ਗੁਲਸ਼ਨੋਲਿਆਂ ਦਾ।੬੦੦।

ਲਗੀ ਜੋਤਿ ਗੁਲ-ਝੜੀ ਉਦਿਆਨ ਅੰਦਰਿ,
ਜੰਗਲ ਵਿਚ ਮੰਗਲ ਜਗਮਗੋਲਿਆਂ ਦਾ।
ਲਖਾਂ ਜੋਤਿ ਜਲਵੀ ਜੁਗਨੂੰ ਜਗਮਗਾਵਨਿ,
ਪਸਰਿਆ ਦੀਪ ਦਲ ਜੋਤਿ ਪਸਰੋਲਿਆਂ ਦਾ।
ਲਖਾਂ ਜੋਤਿ ਦਲ ਦੀਪ-ਦਿਲ ਹੋਇ ਜੱਗੇ,
ਹਰਿ ਦਿਲੀਪ ਇਕੋ ਦਿਲ ਦੀਪੋਲਿਆਂ ਦਾ।
ਸਾਡੇ ਦਿਲਾਂ ਦਾ ਦੀਪ ਦਿਲੀਪ ਇਕੋ,
ਸਾਰੇ ਰਾਜ ਸਾਡੇ ਦਿਲ ਈਸੋਲਿਆਂ ਦਾ।੬੦੧।

ਦਿਲ ਦੇ ਈਸ ਦੀਪਾਂ ਦੇ ਸੁਲਤਾਨ ਸੋਹਣੇ,
ਸੋਹਣਾ ਨਾਉਂ ਦਿਲੀਪ ਸਿੰਘੋਲਿਆਂ ਦਾ।
ਸੋਹਣਾ ਝਲਕ ਨਜ਼ਾਰੜਾ ਸੋਹਣਿਆਂ ਦਾ,
ਇਕ ਦੂੰ ਲੱਖ, ਲੱਖੋਂ ਲੱਖ ਬੀਸੋਲਿਆਂ ਦਾ।
ਅਜਬ ਰੰਗ ਬਿਸਮਾਦ ਸਮਾਧੀਆਂ ਦੇ,
ਬਿਸਮ ਰੰਗ ਜੰਗਲ ਮੰਗਲਝੋਲਿਆਂ ਦਾ।
ਡਿੱਠੇ ਅਧਭੁਤੀ ਚਲਤ ਨਜ਼ਾਰਿਆਂ ਦੇ,
ਸਮਾਧ-ਅਗਾਧ- ਸਮਾਧ-ਲਗੋਲਿਆਂ ਦਾ।੬੦੨।

ਸਵਾ ਪਹਿਰ ਅਖੰਡ ਸਮਾਧ ਲੱਗੀ,
ਹੋਇਆ ਉਗਵਣਾ ਫੁਨ ਦਿਨਕਰੋਲਿਆਂ ਦਾ।
ਗ਼ੈਬੋਂ ਹੁੱਝ ਵੱਜੀ ਸਾਵਧਾਨੀਆਂ ਦੀ,
ਖੁਲ੍ਹਾ ਧਿਆਨ ਅੰਤਰ ਧਿਆਨੜੋਲਿਆਂ ਦਾ।
ਵੀਰ ਬਾਹੁੜੇ ਨਾ, ਉੱਠੀ ਸਾਂਗ ਸੀਨੇ,
ਅਰਸਾ ਬੀਤਿਆ ਸਵਾ ਪਹਿਰੋਲਿਆਂ ਦਾ।
ਬੁਤੇ-ਬਾਜ਼ ਕਮਾ ਗਏ ਧਰਮ ਧੋਖਾ,
ਕੂੜਾ ਵਾਇਦਾ ਕਪਟ ਕੂੜੋਲਿਆਂ ਦਾ।੬੦੩।

ਬਹੁੜੇ ਆਪਣਾ ਵੀਰ ਦਿਲਧੀਰ ਬਹੁੜੇ,
ਜਲ ਬਲ ਜੀਉ ਹੀਨਾ ਜਲ-ਹੀਨੋਲਿਆਂ ਦਾ।
ਮੱਛੀ ਵਾਂਗ ਤਲੱਫਦੇ ਵੀਰ ਦੋਈ,
ਮਿਲਿਆ ਨੀਰ ਨਾ ਵੀਰ ਦਰਸੋਲਿਆਂ ਦਾ।
ਬਾਲੂ ਟਿੱਬਿਆਂ ਤੇ ਬੈਠੇ ਰਾਹ ਤੱਕਣ,
ਹੁਣ ਭੀ ਪਏ ਮੋੜਾ ਮੁਹਾਣੋਲਿਆਂ ਦਾ।
ਸੱਸੀ ਵਾਂਗ ਕੂਕਣ ਥਲਾਂ ਵਿਚ ਬਿਰਹੀ,
ਬਿਰਹਾ ਸੱਲ ਡਾਢਾ ਬਿਰਹੜੋਲਿਆਂ ਦਾ।੬੦੪।

ਪਲਾਂ ਵਿਚ ਭਾਣਾ ਹੋਰ ਵਰਤ ਜਾਣਾ,
ਵਰਨਾਂ ਹਾਲ ਕਿਵ ਬਿਖਮ ਭਾਣੋਲਿਆਂ ਦਾ।
ਅਗੋਂ ਹਾਲ ਨ ਵਰਨਿਆ ਜਾਏ ਮੂਲੋਂ,
ਕਹਿਰ ਵਰਤਿਆ ਜਿਵ ਕਹਿਰੋਲਿਆਂ ਦਾ।
ਸਾਕੇ ਵੱਡੜੇ ਡਾਢੜੇ ਕਹਿਰ ਵਾਲੇ,
ਅਹਿਰਣ ਸਹਿਣ ਘਣ ਹੀਰ-ਜੁਗਤੋਲਿਆਂ ਦਾ।
ਅਹਿਰਣ ਸੱਟ ਸਹਿਣੀ ਹੀਰੇ ਤਾਉ ਸਹਿਣਾ,
ਪੈਣਾ ਮੁੱਲ ਲੱਖ ਕੋਟ ਪਦਮੋਲਿਆਂ ਦਾ।੬੦੫।

ਪ੍ਰੇਮ ਗਲੀ ਦੇ ਪਾਂਧੀਆਂ ਲੱਖ ਮੁਹਿੰਮਾਂ,
ਨਿਤ ਨਵਲ ਸਾਕਾ ਪ੍ਰੇਮਣੋਲਿਆਂ ਦਾ।
ਚੜ੍ਹ ਕੇ ਸੂਲੀਆਂ ਸੀਸ ਤੇ ਛਤਰ ਝੁਲਣੇ,
ਪੋਸਤ ਪ੍ਰੇਮ-ਲਹਿਰਾ ਸਿਰ ਝੁਕੋਲਿਆਂ ਦਾ।
ਸਾਨੂੰ ਤਾਬ ਨ ਰਹੀ ਸਭ ਯਾਦ ਭੁਲੀ,
ਕਿੱਸਾ ਕਹਾਂ ਕਿਵੇਂ ਸਰਗੁਜ਼ੱਸ਼ਤੋਲਿਆਂ ਦਾ।
ਹਾਲ ਕਹਿਣ ਮੁਹਾਲ ਜੁਦਾਈਆਂ ਦੇ,
ਸੀਲ ਸਹਿਣੂ ਵਡ ਲਾਲ ਝਲਣੋਲਿਆਂ ਦਾ।੬੦੬।

ਬਹੁੜ ਵਿਛੜੇ ਜੁੜੇ ਜਦ ਪ੍ਰੇਮ ਜੋੜੇ,
ਵਡ ਬਿਸਮਾਦ ਕਿੱਸਾ ਬਿਸਮੜੋਲਿਆਂ ਦਾ।
ਪਿਛਲੇ ਪ੍ਰੇਮ ਨਜ਼ਾਰੜੇ ਯਾਦ ਰਹਿ ਗਏ,
ਵਿਸਰ ਗਿਆ ਝਾਕਾ ਵਿਸੂਰੋਲਿਆਂ ਦਾ।
ਸੁਣ ਸੁਣ ਸੋਇ ਜੀਵਾਂ ਪਿਛਲ ਬੀਤੀਆਂ ਦੀ,
ਵਿਗਸਾਂ ਯਾਦ ਕਰ ਹਾਲ ਸ਼ਾਦੋਲਿਆਂ ਦਾ।
ਸ਼ਾਦ ਮਸਤੀਆਂ ਦੀ ਯਾਦ ਸਦਾ ਵਿਗਸੇ,
ਐਸਾ ਪ੍ਰੇਮ ਖੇੜਾ ਖਿੜ-ਹਿਰਦੋਲਿਆਂ ਦਾ।੬੦੭।

ਸਾਕੇ ਵਰਤਿਆਂ ਬੀਤੜੇ ਬਰਸ ਅਠਾਰਾਂ,
ਅੱਜ ਸੱਜਰਾ ਸੀਨ ਡ੍ਰਾਮੋਲਿਆਂ ਦਾ।
ਡ੍ਰਾਮਾ ਅੱਖੀਆਂ ਅੱਗੇ ਪ੍ਰਤੱਖ ਸਾਰਾ,
ਅੱਜ ਲੰਘਿਆ ਚਸ਼ਮ ਦੀਦੋਲਿਆਂ ਦਾ।
'ਠਾਰਾਂ ਬਰਸੜੇ ਸੁਪਨ ਸਮਾਨ ਲੰਘੇ,
ਤਾਜ਼ਾ ਨਕਸ਼ ਭਾਸੇ ਕਲ੍ਹ-ਪਰਸੋਲਿਆਂ ਦਾ।
ਵਰਹਾ ਸੋਲਵਾਂ ਜੇਲ੍ਹ ਦੀ ਯਾਤਰਾ ਦਾ,
ਸਾਨੂੰ ਸੁਪਨ ਸੋਲਾਂ ਦਿਵਸੜੋਲਿਆਂ ਦਾ।੬੦੮।

ਕਵਿਤਾ ਦੇ ਕਠਨ ਸ਼ਬਦਾਂ ਦੇ ਅਰਥ

੫੪੩ :—ਜਾਮ=ਪਿਆਲਾ। ਜਾਮ ਉਲਸ=ਸਾਂਝਾ ਬਾਟਾ, ਸੀਤ ਪ੍ਰਸ਼ਾਦੀ ਦੌਰ। ਚਾਟਸਾਲ=ਸਕੂਲ,ਮਾਲਵਾ ਖਾਲਸਾ ਸਕੂਲ ਲੁਧਿਆਣਾ। ਚਾਟੜੇ=ਵਿਦਿਆਰਥੀ। ਪਾਧੜੇ=ਸਕੂਲ ਮਾਸਟਰ।

੫੪੫ :—ਪਿਰਹੜੀ=ਪ੍ਰੀਤ । ਤ੍ਰਿਸ਼ਨਾਲ ਕੀ=ਤ੍ਰਿਸ਼ਨਾ ਨਾਲ ਕੀ ਵਾਸਤਾ ? ਤ੍ਰਿਸ਼ਨਾਲੂ=ਪਿਆਸਾ ।

੫੪੯ :—ਖ਼ੇਸ਼=ਆਪਣੇ। ਜਾਹਲ ਮੁਤਲਕ=ਪੂਰੇ ਬੇਵਕੂਫ਼।

੫੫੦ :—ਮਹੱਤ=ਵਡਿਆਈ।

੫੫੪ :—ਸਹਿਮਾਉ=ਡਰ। ਖਿਵਣ=ਸਹਿਨ ਸ਼ੀਲਤਾ।

੫੫੫ :—ਅਮੀਂ=ਅੰਮ੍ਰਿਤ । ਮਿਸ਼ਟ=ਮਿੱਠਾ । ਅੰਮ੍ਰਿਤ ਸ਼ੀਰ ਚੂਚੀ= ਨਾਮ-ਰਸ ਮੱਮਾ। ਸ਼ੀਰ=ਦੁੱਧ। ਦਹਿਨ=ਮੂੰਹ।

੫੫੬ :—ਸ਼ੀਰ-ਖ਼ੋਰ=ਦੁੱਧ ਚੁੰਘਦੇ ਬੱਚੇ।

੫੫੮ :—ਫੁਲਾਂਵਾਲੜਿਆਂ=ਫੁੱਲਾਂਵਾਲ (ਵਾਲੇ) ਭਾਵ ਗਿਆਨੀ ਦਲੀਪ ਸਿੰਘ ਜੀ ਦੇ ਸਨਬੰਧੀ। ਖ਼ੌਫ਼=ਡਰ।

੫੫੯ :—ਕਲਹ=ਕਲੇਸ਼। ੫੬੦ :—ਬਿਸੀਅਰ=ਸੱਪ।

੫੬੨ :—ਅਨੁਰਾਗ=ਪ੍ਰੇਮ। ਗੈਬੋਂ=ਅਗੰਮ ਤੋਂ। ਬਟਣੇਲਿਆਂ=ਰਸੀ ਨੂੰ ਵਟ ਚਾੜ੍ਹਨ ਵਾਲਾ ਬਟਣਾ (ਡੰਡਾ)। ਬਾਂਗ ਬਿਜਲਾਂਗ= ਬਿਜਲੀ ਦੀ ਤੇਜ਼ੀ ਵਰਗਾ ਰੋਹ।

੫੬੩ :—ਹਜਾਮ=ਨਾਈ । ਹਜੂਮ=ਇਕੱਠ । ਬਿਲੰਬੋਲਿਆਂ ਦਾ= ਦੇਰੀਆਂ ਦਾ।

੫੬੪ :—ਕੁਟਵਾਰ=ਪਹਿਰੇਦਾਰ। ਬੇਹਿਓਲਿਆਂ=ਬੇ-ਹਯਾਵਾਂ।

੫੬੬ :—ਧੀਰ ਧਰਮੀ=ਭਾਈ ਅਤਰ ਸਿੰਘ ਜੀ। ਵੀਰ ਮਰਮੀ=ਭਾਈ ਰਣਧੀਰ ਸਿੰਘ ਜੀ। ਮਰਮੀ=ਭੇਤੀ। ਅਧੀ ਅਵਸਰ=ਅੱਧੀ ਉਮਰ ਦੇ।

੫੬੭ :—ਬਿਲਮ=ਦੇਰ। ਮਵਾਸੋਲਿਆਂ=ਆਕੀਆਂ।

੫੭੧ :—ਨੀਮ ਖ਼ੁਫ਼ਤੋਲਿਆਂ=ਜਾਗੋ-ਮੀਟੇ ਨੀਂਦ ਵਾਲਾ।

੫੭੨ :—ਰਾਵਰ=ਆਪ ਜੀ। ੫੭੪ :—ਉਤਪਾਤ=ਉਪੱਦਰ।

੫੭੬ :—ਨਾ-ਜ਼ੋਰੋਲਿਆਂ=ਕਮਜ਼ੋਰਾਂ।

੫੭੭ :—ਮੰਚ=ਮੰਜਾ, ਤਖ਼ਤਪੋਸ਼। ੫੭੮ :—ਗਰਦਨੀ=ਭੁਆਟਣੀ।

੫੮੨ :—ਬਿਲਮ=ਦੇਰੀ। ੫੮੯ :—ਉਦਕ=ਜਲ।

੫੯੦ :—ਹਰਨ ਹੋਵੋਲਿਆਂ=ਭਜ ਜਾਣ ਵਾਲਿਆਂ।

੫੯੧ :—ਪਿਰਹੜੋਲਿਆਂ=ਸੱਚੀ ਪ੍ਰੀਤੀ ਵਾਲਿਆਂ।

੫੯੬ :—ਦ੍ਰਵੇ=ਨਰਮ ਹੋਏ। ਉਦਿਆਨ=ਜੰਗਲ।

੫੯੯ :—ਸਮ-ਅੰਸੋਲਿਆਂ=ਸਮਾਨ ਅੰਗੀ, ਭਾਵ ਗੁਰ ਭਾਈ।

੬੦੧ :—ਈਸੋਲਿਆਂ=ਮਾਲਕਾਂ।

੬੦੩ :—ਉਗਵਣਾ=ਚੜ੍ਹਨਾ। ਦਿਨਕਰ=ਸੂਰਜ।

੬੦੪ :—ਮੁਹਾਣੋਲਿਆਂ=ਮਲਾਹ, ਵਿਚੋਲਾ।

੬੦੫ :—ਵਰਨਾਂ=ਬਿਆਨ ਕਰਾਂ। ਘਣ=ਵੱਡਾ ਗਥੋੜਾ।

੬੦੬ :—ਸਰਗੁਜ਼ੱਸ਼ਤੋਲਿਆਂ=ਸਿਰ ਤੇ ਬਿਤਾਉਣ ਵਾਲਿਆਂ। ਸੀਲ ਸਹਿਣੂ=ਸੀਲਵੰਤ ਤੇ ਸਹਿ ਗੁਜ਼ਰਨ ਵਾਲੇ।

੬੦੮ :—ਕਲੂ ਪਰਸੋਲਿਆਂ=ਕਲੂ ਪਰਸੋਂ।